

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 29
October 31, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




A function held in San Francisco for California Lieutenant Governor Gavin Newsom's campaign for California State Governor on Tuesday October 30, 2018. Jackie and Ramitpal showing Ram Family support for the next Governor.

## ਯੂਬਾ ਸਿਟੀ ਦਾ 39ਵਾਂ ਸਾਲਾਨਾ ਨਗਰ ਕੀਰਤਨ 4 ਨਵੰਬਰ ਨੂੰ

**ਯੂਬਾ ਸਿਟੀ (ਬਿਊਰੋ)–** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਬਾ ਸਿਟੀ ਦਾ ਮਹਾਨ ਸਾਲਾਨਾ ਨਗਰ ਕੀਰਤਨ 4 ਨਵੰਬਰ 2018 ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਅਤੇ ਉਤਸ਼ਾਹ ਨਾਲ ਹੋਣ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਦੀ ਸੂਚਨਾ ਮੁਤਾਬਕ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੁੱਚੇ ਗੁਰਮਤਿ ਸਮਾਗਮ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।


**(ਹੋਰ ਜਾਣਕਾਰੀ ਲਈ ਇਸ਼ਤਿਹਾਰ ਦੇਖੋ ਸਫਾ 28 'ਤੇ)**







ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇ-ਫੋਰਨੀਆ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਡਾ ਰੋਮਾ ਭਗਾਣੀਆ ਦਾ ਸਨਮਾਨ ਕਰਦੇ ਹੋਏ ਬੀਬੀਆਂ।


**(ਸਬੰਧਤ ਰਿਪੋਰਟ ਦੇਖੋ ਸਫਾ 7 'ਤੇ ਅਤੇ ਤਸਵੀਰਾਂ ਦੇਖੋ ਸਫਾ 13, 14, 15 'ਤੇ)**


## ਗਿਰਜਾਘਰ ਤੇ ਦਾਗੀਆਂ ਗੋਲੀਆਂ, 11 ਲੋਕਾਂ ਦੀ ਮੌਤ

**ਪਿਟਸਬਰਗ (ਬਿਊਰੋ)–** ਦਹਿਸ਼ਤ ਵਿਚ ਚੱਲ ਰਹੇ ਅਮਰੀਕਾ ਦੇ ਲੋਕਾਂ ਦੇ ਦਿਲਾਂ ਵਿਚ ਇਕ ਹੋਰ ਵਾਰਦਾਤ ਨੇ ਦਹਿਸ਼ਤ ਵਧਾ ਦਿੱਤੀ ਹੈ। ਪਿਛਲੇ ਕੁਝ ਦਿਨਾਂ ਤੋਂ ਜਿੱਥੇ ਲੋਕਾਂ ਦੇ ਘਰਾਂ ਵਿਚ ਸ਼ੱਕੀ ਪੈਕਟ ਭੇਜੇ ਜਾ ਰਹੇ ਸਨ, ਉਥੇ ਹੀ ਸ਼ਨਿਚਰਵਾਰ ਸਵੇਰੇ ਪੈਨਸਲਵੇਨੀਆ ਦੇ ਪਿਟਸਬਰਗ ਵਿਚ ਯਹੂਦੀ ਧਾਰਮਿਕ ਸਥਾਨ (ਗਿਰਜਾਘਰ) ਵਿਚ ਗੋਲੀਆਂ ਚਲਾਈਆਂ। ਇਸ ਵਾਰਦਾਤ ਵਿਚ 11 ਲੋਕਾਂ ਦੀ ਮੌਤ ਹੋ ਗਈ ਅਤੇ 4 ਜ਼ਖਮੀ ਹੋ ਗਏ। ਜ਼ਖਮੀਆਂ ਵਿਚ ਤਿੰਨ ਪੁਲਿਸ ਕਰਮਚਾਰੀ ਵੀ ਸ਼ਾਮਲ ਹਨ। ਖਬਰਾਂ ਮੁਤਾਬਕ ਇਹ ਘਟਨਾ ਸਵੇਰੇ 10 ਵਜੇ ਹੋਈ। ਯਹੂਦੀ ਧਰਮ ਅਸਥਾਨ ਟ੍ਰੀ ਆਫ ਲਾਈਫ ਵਿਚ ਉਸ ਵਕਤ



ਕਾਫੀ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਸਨ। ਇੱਥੇ ਐਫ. ਬੀ. ਆਈ. ਵੀ ਪਹੁੰਚੀ ਹੋਈ ਸੀ। ਇਸੇ ਦੌਰਾਨ ਉਥੇ ਗੋਲੀਆਂ ਚੱਲੀਆਂ। ਸ਼ੁਰੂਆਤੀ ਜਾਂਚ ਵਿਚ ਇਸ ਨੂੰ ਨਸਲੀ ਅਪਰਾਧ ਮੰਨਿਆ ਗਿਆ ਹੈ। ਬੰਦੂਕਧਾਰੀ ਹਮਲਾਵਰ ਨੇ ਗਿਰਜਾਘਰ ਦੀ ਇਮਾਰਤ ਵਿਚ ਵੜ ਕੇ ਪੁਕਾਰਿਆ, ਸਾਰੇ ਯਹੂਦੀ ਮਰਨੇ ਚਾਹੀਦੇ ਹਨ। ਪੁਲਿਸ ਨਾਲ ਹੋਏ ਮੁਕਾਬਲੇ ਵਿਚ ਜ਼ਖਮੀ ਹੋਇਆ ਹਮਲਾਵਰ ਪਕੜ ਲਿਆ ਗਿਆ ਹੈ। ਪੁਲਿਸ ਨੇ ਘਟਨਾ ਸਥਾਨ ਦੀ ਤਲਾਸ਼ੀ ਲਈ ਅਤੇ ਉਥੇ ਫਸੇ ਲੋਕਾਂ ਨੂੰ ਸੁਰੱਖਿਅਤ ਕੱਢਿਆ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਜਿਹੇ ਅਪਰਾਧੀਆਂ ਲਈ ਸਖਤ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਉਹਨਾਂ ਕਿਹਾ ਕਿ ਉਹ ਇਸ ਘਟਨਾ ਤੇ ਲਗਾਤਾਰ ਨਜ਼ਰ ਰੱਖ ਰਹੇ ਹਨ ਅਤੇ ਇਲਾਕੇ ਦੇ ਲੋਕਾਂ ਨੂੰ ਆਪਣੇ ਘਰ ਰਹਿਣ ਦੀ ਅਪੀਲ ਵੀ ਕੀਤੀ।




MANDEEP SANDHU

**SANDHU IMMIGRATION CONSULTANT**

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

**BAGGA JEWELERS**

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D TM

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



Don't wait until it's too late. Come give your car a break at Brake Time

**Brake Time Auto Repair**

6315 Watt Ave. Unit 115
North Highlands, CA. 95660

* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K

J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only

ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖ਼ਸ਼ ਕੰਮ ਕੀਤਾ ਜਾਂਦਾ ਹੈ



BERKSHIRE HATHAWAY
Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

**Shangara Ram**
Realtor CalBRE# 01969522

Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

# Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA MARKET

INDIA MARKET

## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com





ਤੀਰਥ ਸਿੰਘ ਸੋਹਲ

# ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ


## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop




ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ


Late
Sh. Lahori Ram
Comissioner



# ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ

# ਨੈਂਣਦੀਪ ਸਿੰਘ ਚੰਨ ਵੱਲੋਂ ਪੰਜਾਬੀ ਭਾਈਚਾਰੇ ਨੂੰ ਵੋਟਾਂ ਵਿੱਚ ਸਮਰਥਨ ਦੀ ਅਪੀਲ

**ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ /ਕੁਲਵੰਤ ਧਾਲੀਆਂ):** ਕੈਲੇਫੋਰਨੀਆਂ ਵਿੱਚ ਮਿੱਡ-ਟਰਮ ਇਲੈਕਸ਼ਨ ਨੂੰ ਲੈਕੇ ਹਰ ਇੱਕ ਕੈਡੀਡੇਟ ਵੋਟਰਾਂ ਨੂੰ ਲਭਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਫਰਿਜ਼ਨੋ ਸੈਂਟਰਲ ਸਕੂਲ ਦੇ ਡਿਸਟਰਿੱਕ ਏਰੀਆਂ-7 ਦੇ ਟਰੱਸਟੀ ਦੀ ਚੋਣ ਲੜ ਰਹੇ ਨੌਜਵਾਨ ਨੈਂਣਦੀਪ ਸਿੰਘ ਚੰਨ ਦੀ ਮਦਦ ਵਿੱਚ ਫਰਿਜ਼ਨੋ ਦਾ ਪੂਰਾ ਪੰਜਾਬੀ ਭਾਈਚਾਰਾ ਵੱਧ-ਚੜ ਕੇ ਹਿੱਸਾ ਲੈ ਰਿਹਾ ਹੈ। ਇਹ ਨੌਜਵਾਨ ਆਗੂ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ। ਇਸੇ ਇਲਾਕੇ ਭਰ ਵਿੱਚ ਭਾਈਚਾਰਿਕ ਅਤੇ ਸਮਾਜਿਕ ਕਾਰਜਾਂ ਵਿੱਚ ਹੋਰ ਨੌਜਵਾਨਾਂ ਨੂੰ ਨਾਲ ਲੈ ਕੇ ਸਫਲਤਾ ਨਾਲ ਕੀਤਾ। ਆਪਣੇ ਜੈਕਾਰਾ ਮੂਵਮੈਂਟ ਦੇ ਰਾਹੀ ਪੜਾਈ ਦੇ ਨਾਲ-ਨਾਲ ਬੱਚਿਆ ਨੂੰ ਨਸ਼ਿਆ ਤੋਂ ਦੂਰ ਰੱਖਦੇ ਹੋਏ ਸਮਾਜਿਕ ਅਤੇ ਭਾਈਚਾਰਿਕ ਕੰਮ ਕੀਤੇ। ਉਹ ਇਕ ਗੁਰਸਿੱਖ ਪਹਿਰਾਵੇ ਵਾਲਾ ਇਨਸਾਨ ਹੈ। ਜਿਸ ਨੇ ਗੁਰਮਤਿ ਕਦਰਾਂ-ਕੀਮਤਾਂ ਦੀ ਜਾਣਕਾਰੀ ਕੈਂਪਾਂ ਰਾਹੀ ਬੱਚਿਆ ਨੂੰ ਦਿੱਤੀ। ਫਰਿਜ਼ਨੋ ਦੇ ਵਿਕਟੋਰੀਆ ਪਾਰਕ ਦਾ ਨਾਂ 'ਸ਼ਹੀਦ ਜਸਵੰਤ ਸਿੰਘ ਖਾਲੜਾ' ਰੱਖਣ ਲਈ ਅੱਗੇ ਵੱਧ ਸਫਲਤਾ ਪ੍ਰਾਪਤ ਕੀਤੀ। ਇਹ ਮਿਹਨਤੀ ਅਤੇ ਇਮਾਨਦਾਰ ਨੌਜਵਾਨ ਆਗੂ ਹੈ। ਹੁਣ ਆ ਰਹੀਆਂ ਵੋਟਾਂ ਦੀ ਕੜੀ ਤਹਿਤ ਸਥਾਨਕ ਇੰਡੀਆ ਕਬਾਬ ਪੈਲੇਸ ਰੈਸਟੋਰੈਂਟ ਵਿੱਚ ਚੰਨ ਲਈ ਮੇਲ਼-ਮਲਾਪ ਦਾ



ਪ੍ਰੋਗਰਾਮ ਉਲੀਕਿਆ ਗਿਆ। ਜਿਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਨੈਂਣਦੀਪ ਦੀ ਆਰਥਿਕ ਮੱਦਦ ਵਜੋਂ ਫੰਡ ਰੇਜ ਵੀ ਕੀਤਾ। ਇਸ ਮੌਕੇ ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਰੱਖਦੇ ਹੋਏ ਨੈਂਣਦੀਪ ਸਿੰਘ ਚੰਨ ਵੱਲੋਂ ਕੀਤੇ ਕੰਮਾਂ ਉੱਤੇ ਚਾਨਣਾ ਪਾਉਂਦਿਆਂ ਉਸਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਜੈਕਾਰਾ ਮੂਵਮਿੰਟ ਵਿੱਚ ਉਸ ਵੱਲੋਂ ਪਾਏ ਯੋਗਦਾਨ ਅਤੇ ਸਾਡੇ ਯੂਥ ਨੂੰ ਧਰਮ ਅਤੇ ਸੱਭਿਆਚਾਰ ਨਾਲ ਜੋੜਨ ਲਈ ਕੀਤੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਪੰਜਾਬੀਆਂ ਨੂੰ ਸਕੂਲ ਬੋਰਡ ਵਿੱਚ ਆਪਣੀ ਅਵਾਜ਼ ਨੈਂਣਦੀਪ ਸਿੰਘ ਚੰਨ ਨੂੰ ਭੇਜਣ ਲਈ ਆਉਣ ਵਾਲੇ ਦਿਨਾਂ ਵਿੱਚ ਵੱਧ ਚੜਕੇ ਵੋਟ ਦੇ ਰੂਪ ਵਿੱਚ ਸਪੋਰਟ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੁਖਬੀਰ ਭੰਡਾਲ, ਡਾ. ਜਗਮੀਤ ਕੌਰ ਚੰਨ, ਗੁਰਨੇਕ ਸਿੰਘ ਬਾਗੜੀ, ਬਲਵੀਰ ਸਿੰਘ ਢਿੱਲੋਂ ਅਤੇ ਡਾ ਹਰਚਰਨ ਸਿੰਘ ਚੰਨ ਆਦਿ ਨੇ ਆਪਣੇ ਵਿਚਾਰ ਰੱਖੇ।

ਨੈਂਣਦੀਪ ਸਿੰਘ ਚੰਨ ਨੇ ਪੰਜਾਬੀ ਭਾਈਚਾਰੇ ਦੀ ਸੇਵਾ ਸਬੰਧੀ ਆਪਣੀ ਪਰਪੱਕਤਾ ਦੁਹਰਾਈ ਤੇ ਸਕੂਲ ਬੋਰਡ ਦੀਆਂ ਚੋਣਾਂ ਲਈ ਸਭਨਾਂ ਤੋਂ ਸਹਿਯੋਗ ਦੀ ਮੰਗ ਕੀਤੀ। ਅੰਤਿ ਵੱਚ ਉਮੀਦ ਕਰਦੇ ਹਾਂ ਕਿ ਇਸ ਇਲਾਕੇ ਦੇ ਸਮੁੱਚੇ ਵੋਟਰ ਨੈਂਣਦੀਪ ਨੂੰ ਜ਼ਰੂਰ ਸਹਿਯੋਗ ਦੇਣਗੇ।

## ਫਰਿਜ਼ਨੋ ਪੁਲਿਸ ਨੇ ਰਾਤਰੀ ਦੇ ਖਾਣੇ 'ਤੇ ਕੀਤਾ ਸਿੱਖ ਭਾਈਚਾਰੇ ਦਾ ਧੰਨਵਾਦ



**ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ /ਕੁਲਵੰਤ ਧਾਲੀਆਂ):** ਆਪਣੀ ਪਹਿਚਾਣ ਅਤੇ ਸੁਰੱਖਿਆ ਨੂੰ ਲੈ ਕੇ ਪੰਜਾਬੀ ਭਾਈਚਾਰਾ ਹਮੇਸਾ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਲਈ ਸਮੇਂ-ਸਮੇਂ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਪਰੰਪਰਾ ਨੂੰ ਮੁੱਖ ਰੱਖਦੇ ਫਾਰਮਰ ਇੰਨਸ਼ੋਰੈਸ ਦੇ ਅਤੀਤਪਾਲ ਸਿੰਘ ਬਾਂਸਲ ਏਜੰਸੀ ਵੱਲੋਂ ਫਰਿਜ਼ਨੋ ਪੁਲੀਸ ਨੂੰ ਰਾਤਰੀ ਦੇ ਖਾਣੇ ਦੀ ਦਾਅਵਤ ਦਿੱਤੀ ਗਈ। ਜਿਸ ਦਾ ਮਕਸਦ ਆਪਣੀ ਭਾਈਚਾਰਿਕ ਸਾਂਝ, ਪਹਿਚਾਣ, ਚੰਗਾ ਮੇਲ-ਮਿਲਾਪ ਅਤੇ ਸੁਰੱਖਿਆ ਦੇ ਨਿਯਮਾਂ ਦੀ ਗੱਲਬਾਤ ਕਰਨਾ ਸੀ। ਜੋ ਸਮੁੱਚੇ ਤੋਰ 'ਤੇ ਸਫਲ ਰਿਹਾ। ਇਸ ਸਮੇਂ ਫਰਿਜ਼ਨੋ ਪੁਲੀਸ ਦੇ ਮੁੱਖ ਅਧਿਕਾਰੀਆਂ ਦੁਆਰਾ ਅਤੀਤਪਾਲ ਬਾਂਸਲ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਦਾ ਅਜਿਹੇ ਉਪਰਾਲਿਆਂ ਸੰਬੰਧੀ ਧੰਨਵਾਦ ਕੀਤਾ ਗਿਆ। ਇਸ ਸਮੇਂ ਜਗਦੀਪ ਸਿੰਘ ਇੰਨਸ਼ੋਰੈਂਸ ਏਜੰਸੀ ਵਾਲੇ ਵੀ ਸਾਮਲ ਸਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਅਜਿਹੇ ਪ੍ਰੋਗਰਾਮ ਆਪਸੀ ਭਾਈਚਾਰਿਕ ਸਾਂਝ ਬਣਾਉਣੀ ਵੱਚ ਬਹੁਤ ਸਹਾਇਕ ਸਿੱਧ ਹੁੰਦੇ ਹਨ।

## ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਸੈਨਹੋਜੇ (ਬਿਊਰੋ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜੇ ਵਿਖੇ ਸਜਾਇਆ ਗਿਆ। ਪ੍ਰਵਾਨ ਨੇ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ: ਤੇਜਿੰਦਰ ਸਿੰਘ ਗਰੇਵਾਲ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀਆਂ ਨੇ ਗੁਰਮਤਿ ਆਸ਼ੇ ਅਨੁਸਾਰ ਕਵਿਤਾਵਾਂ ਕਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ।

# ਆਪਣਾ ਹੱਕ ਜਤਾਓ- ਆਪਣਾ ਉਮੀਦਵਾਰ ਜਿਤਾਓ

**ਯੂਨੀਅਨ ਸਿਟੀ–** ਨਿਊ ਸਕੂਲ ਬੋਰਡ ਦੀ ਚੋਣ ਵਿਚ ਪੰਜਾਬੀ ਭਾਈਚਰੇ ਦੀ ਸਰਬਜੀਤ ਕੌਰ ਚੀਮਾ ਸਕੂਲ ਬੋਰਡ ਪ੍ਰੈਜ਼ੀਡੈਂਟ ਦੀ ਉਮੀਦਵਾਰ ਹੈ। ਉਹਨਾਂ ਨੂੰ ਸਫਲ ਬਣਾਉਣਾ ਸਮੇਂ ਦੀ ਲੋੜ ਹੈ ਕਿਉਂਕਿ ਸਮੂਹ ਅਮਰੀਕਨ ਭਾਈਚਾਰੇ ਦੀ ਪ੍ਰਬੰਧ ਪ੍ਰਣਾਲੀ ਵਿਚ ਆਪਣੇ ਭਾਈਚਾਰੇ ਦਾ ਪੱਖ ਰੱਖਣ ਲਈ ਆਪਣਾ ਅਹੁਦੇਦਾਰ ਹੋਣਾ ਜ਼ਰੂਰੀ ਹੈ।

ਮੌਜੂਦਾ ਸਕੂਲ ਬੋਰਡ ਪ੍ਰੈਜ਼ੀਡੈਂਟ ਹੋਣ ਦੇ ਨਾਤੇ ਲੋੜੀਂਦਾ ਤਜਰਬਾ ਹੈ। ਅਮਰੀਕਾ 1991 ਵਿਚ ਆਉਣ 'ਤੇ ਕਿੱਤੇ ਵਜੋਂ ਸਿਵਲ ਇੰਜੀਨੀਅਰ ਹੈ। ਹਿਸਾਬ ਅਤੇ ਵਿਗਿਆਨ ਦੀ ਅਧਿਆਪਕਾ ਦਾ ਤਜਰਬਾ ਹੈ। ਆਪਣੇ ਤਿੰਨ ਪੁੱਤਰਾਂ ਦੀ ਪੜ੍ਹਾਈ ਦੀ ਨੇੜਿਉਂ ਨਿਗਰਾਨੀ ਅਤੇ ਸਮੱਸਿਆਵਾਂ ਦੇਖਦੇ ਹੋਏ ਬੱਚਿਆਂ ਦੀ ਮਦਦ ਬੜੀ ਗਰਮਜੋਸ਼ੀ ਨਾਲ ਕਰਨ ਲਈ ਹਮੇਸ਼ਾ ਤੱਤਪਰ ਹੈ। ਪਿਛਲੇ ਕਈ ਸਾਲਾਂ ਵਿਚ ਸਕੂਲ ਪ੍ਰਬੰਧ ਵਿਚ ਸਰਕਾਰੀ ਧਨ ਦੀ ਅਹਿਮ ਸਮੱਸਿਆ ਰਹੀ ਹੈ। ਉਸ ਵਿਚ ਧਨ ਜੁਟਾਉਣ ਵਿਚ ਵੱਡਾ ਯੋਗਦਾਨ



ਪਾਉਂਦਿਆਂ 19.4 ਮਿਲੀਅਨ ਦੀ ਸਹਾਇਤਾ ਪ੍ਰਾਪਤ ਹੋਈ ਹੈ। ਆਪਣੇ ਸਹਿ-ਕਰਮੀਆਂ ਨਾਲ ਸਾਂਝੇ ਕੰਮਾਂ ਨੂੰ ਸਿਰੇ ਚੜ੍ਹਾਉਣ ਤੋਂ ਇਲਾਵਾ ਅਧਿਆਪਕ ਮਾਪਿਆ ਅਤੇ ਭਾਈਚਾਰੇ ਨਾਲ ਮਿਲ ਕੇ ਫਰਜ਼ ਨਿਭਾਏ ਹਨ। ਪੰਜਾਬੀ ਭਾਈਚਾਰੇ ਦੇ ਬੱਚਿਆਂ ਦੀ ਉਸੇ ਗਰਮਜੋਸ਼ੀ ਨਾਲ ਮਦਦ ਕਰਨ ਦੀ ਚਾਹਵਾਨ ਹੈ।

ਇਸ ਲਈ ਦੁਬਾਰਾ ਚੁਣ ਕੇ ਆਪਣੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਓ। ਉਹਨਾਂ ਦੀਆਂ ਚੱਲ ਰਹੀਆਂ ਸੇਵਾਵਾਂ ਦਾ ਲਾਭ ਉਠਾਓ। ਭਾਵੇਂ ਬਹੁਤ ਸਾਰੇ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ, ਪਤਵੰਤਿਆਂ ਅਤੇ ਸੰਸਥਾਵਾਂ ਦਾ ਸਮਰਥਨ ਪ੍ਰਾਪਤ ਹੈ ਪਰ ਆਪ ਜੀ ਦਾ ਇਕ ਇਕ ਵੋਟ ਕਾਮਯਾਬੀ ਵਿਚ ਅਹਿਮ ਯੋਗਦਾਨ ਪਾ ਸਕਦਾ ਹੈ। ਇਸ ਲਈ 6 ਨਵੰਬਰ 2018 ਨੂੰ ਹੋਣ ਵਾਲ ਚੋਣ ਵਿਚ ਆਪਣੇ ਕੀਮਤੀ ਵੋਟ ਦੀ ਵਰਤੋਂ ਕਰਦਿਆਂ ਸਰਬਜੀਤ ਕੌਰ ਚੀਮਾ ਨੂੰ ਕਾਮਯਾਬ ਬਣਾਓ, ਜੋ ਪੰਜਾਬੀ ਭਾਈਚਾਰੇ ਦੀ ਕਾਮਯਾਬੀ ਹੋਵੇਗੀ।

**–ਪ੍ਰਮਿੰਦਰ ਸਿੰਘ ਪ੍ਰਵਾਨਾ**

## ਬਹੁਜਨ ਸਮਾਜ ਪਾਰਟੀ ਪੰਜਾਬ ਪ੍ਰਧਾਨ ਦੀ ਅਗਵਾਈ ਹੇਠ ਪ੍ਰੈਸ ਕਾਨਫਰੰਸ





**ਜਲੰਧਰ–** ਪ੍ਰੈਸ ਕਲੱਬ ਜਲੰਧਰ ਵਿੱਚ ਬਹੁਜਨ ਸਮਾਜ ਪਾਰਟੀ ਪੰਜਾਬ ਪ੍ਰਧਾਨ ਸ੍ਰੀ ਰਛਪਾਲ ਸਿੰਘ ਰਾਜੂ ਜੀ ਦੀ ਅਗਵਾਈ ਹੇਠ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਦੇ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਨੀਵਾਲ। ਇਸ ਪ੍ਰੈਸ ਕਾਨਫਰੰਸ ਵਿੱਚ ਸ੍ਰੀ ਖੁਸ਼ੀ ਰਾਮ (ਸਾਬਕਾ ਡਿਪਟੀ ਕਮਿਸ਼ਨਰ), ਫਾਊਂਡਰ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਪੰਜਾਬ, ਚੇਅਰਪਰਸਨ ਫੋਰਮ ਫਾਰ ਦਾ ਵੀਕਰ ਸੇਕਸ਼ਨ ਪੰਜਾਬ ਅਤੇ ਚੇਅਰਪਰਸਨ ਡਾ. ਬੀ. ਆਰ ਅੰਬੇਡਕਰ ਗਜਟਿਡ ਤੇ ਨਾਨ ਗਜਟਿਡ ਇੰਮਪਲਾਈਜ਼ ਐਸੋਸੀਏਸ਼ਨ, ਸਿਵਲ ਸੈਕਟਰੀ ਆਫ ਪੰਜਾਬ ਆਪਣੇ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਵਿੱਚ ਸਾਮਿਲ ਹੋਏ। ਜਿਨਾ ਵਿੱਚ ਗੁਰਮੇਲ ਸੰਧੂ (ਉਪ ਪ੍ਰਧਾਨ ਬੀ.ਐਮ.ਪੀ ਪੰਜਾਬ ਅਤੇ ਸੈਕਟਰੀ ਜਨਰਲ ਪੰਜਾਬ), ਸੋਮਨਾਥ (ਜਨਰਲ ਸਕੱਤਰ ਪੰਜਾਬ, ਬੀ.ਐਮ.ਪੀ), ਜਸਪਾਲ ਪਾਲੀ (ਜਨਰਲ ਸਕੱਤਰ ਪੰਜਾਬ, ਬੀ.ਐਮ.ਪੀ), ਅਮਰਜੀਤ ਸਿੰਘ (ਜਿਲਾ ਪ੍ਰਧਾਨ ਮਾਨਸਾ, ਬੀ. ਐਮ. ਪੀ), ਲਕਸਮੀ ਨਰੈਣ (ਉਪ ਪ੍ਰਧਾਨ ਬਠਿੰਡਾ, ਬੀ.ਐਮ.ਪੀ) ਅਦਿ ਆਪਣੇ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਵਿੱਚ ਸਾਮਿਲ ਹੋਏ। ਇਸ ਮੋਕੇ ਤੇ ਉਪ ਪ੍ਰਧਾਨ ਰਜਿੰਦਰ ਸਿੰਘ ਰੀਹਲ, ਸਟੇਟ ਸਕੱਤਰ ਸਤਨਾਮ ਸਿੰਘ,ਸਟੇਟ ਆਫਿਸ ਇੰਚਾਰਜ ਪਰਮਜੀਤ ਮੱਲ, ਜਲੰਧਰ ਪਾਰਲੀਮੈਂਟ ਇੰਚਾਰਜ ਮੋਹਣ ਲਾਲ ਐਕਸ. ਐਮ.ਐਲ.ਏ. ਬੰਗਾ ਅਤੇ ਡਾ. ਸੁਖਵੀਰ ਸਿੰਘ, ਡੀ.ਐਫ.ਓ. ਸੁਰਜੀਤ ਸਿੰਘ, ਜੋਨ ਇੰਚਾਰਜ ਹਰਮੇਸ਼ ਕੋਲ, ਬਾਮਸੇਫ ਜੋਨ ਇੰਚਾਰਜ ਦੋਲਤ ਰਾਮ, ਜਿਲਾ ਇੰਚਾਰਜ ਮੱਖਣ ਲਾਲ ਚੌਹਾਨ, ਜਿਲਾ ਪ੍ਰਧਾਨ ਕਲਦੀਪ ਬੰਗੜ, ਮਨਜੀਤ ਸਿੰਘ ਅਬਦਾਲ ਅਦਿ ਹਾਜਰ ਸਨ।


## Matrimonials

**ਲੜਕੀ ਦੀ ਲੋੜ**

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ।
ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

---------------------

**ਲੜਕੀ ਦੀ ਲੋੜ**

ਵਾਲਮੀਕ ਭਾਈਚਾਰੇ ਨਾਲ ਸਬੰਧਤ 26 ਸਾਲਾ ਸਾਫਟਵੇਅਰ ਇੰਜੀਨੀਅਰ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ-ਲਿਖੀ, ਸੁਸ਼ੀਲ ਲੜਕੀ ਦੀ ਲੋੜ ਹੈ। ਲੜਕੇ ਦੇ ਚਾਚਾ ਜੀ ਅਮਰੀਕਾ ਵਿਚ ਰਹਿ ਰਹੇ ਹਨ। ਹੋਰ ਜਾਣਕਾਰੀ ਲਈ ਚਾਹਵਾਨ ਸੰਪਰਕ ਕਰੋ: 209 242 3642

-------------------------

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND)
Presently on Teaching job in Pvt.Inst. Contact NRI only.
Minimum Degree (Med/Non-Med/Engg.)
Doaba Area Preffered
Family Detail: Father: Civil Engineer, Mother: House Wife
2 Brothers: (Civil Engineers)
Cell: +91-9877505351, WhatsApp: +91-8054208733

* ਦੇਸ਼ ਦੁਆਬਾ ਵਿਚ ਹੁਣ ਤੱਕ ਛਾਪੇ ਜਾਂਦੇ ਰਹੇ ਮੈਟਰੀਮੋਨੀਅਲ, ਸਾਰੇ ਮੁਫਤ ਛਾਪੇ ਗਏ ਅਤੇ ਇਹ ਸਹੂਲਤ ਇਸ ਸਾਲ ਦੇ ਅਖੀਰ ਤੱਕ ਜਾਰੀ ਰਹੇਗੀ।
* ਸਬੰਧਤ ਧਿਰਾਂ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਲਈ ਉਹ ਖੁਦ ਜ਼ਿੰਮੇਵਾਰ ਹੋਣਗੀਆਂ, ਅਦਾਰਾ 'ਦੇਸ਼ ਦੁਆਬਾ' ਦੇ ਸਬੰਧਤ ਬੋਰਡ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।


## ਭਾਰਤੀ ਜੋੜੇ ਦੀ ਕੈਲੀਫੋਰਨੀਆ ਵਿਚ 800 ਫੁੱਟ ਉਚਾਈ ਤੋਂ ਡਿੱਗਣ ਕਾਰਨ ਮੌਤ

**ਨਿਊ ਯਾਰਕ–** ਕੈਲੀਫੋਰਨੀਆ ਦੇ ਯੋਜ਼ੇਮਾਈਟ ਨੈਸ਼ਨਲ ਪਾਰਕ ਵਿੱਚ ਇਸ ਹਫ਼ਤੇ ਇਕ ਭਾਰਤੀ ਜੋੜੇ ਦੀ 800 ਫੁੱਟ ਉੱਚੀ ਚੋਟੀ ਤੋਂ ਡਿੱਗ ਕੇ ਮੌਤ ਹੋ ਗਈ। ਇਨ੍ਹਾਂ ਦੀ ਪਛਾਣ ਵਿਸ਼ਨੂੰ ਵਿਸ਼ਵਨਾਥ (29) ਅਤੇ ਉਸ ਦੀ ਪਤਨੀ ਮੀਨਾਕਸ਼ੀ ਮੂਰਤੀ (30) ਵਜੋਂ ਹੋਈ ਹੈ ਜੋ ਅਮਰੀਕਾ ਵਿੱਚ ਰਹਿੰਦੇ ਸਨ।

'ਸਾਂ ਫਰਾਂਸਿਸਕੋ ਕਰੌਨੀਕਲ' ਅਖ਼ਬਾਰ ਦੀ ਰਿਪੋਰਟ ਮੁਤਾਬਕ ਇਹ ਜੋੜਾ ਹਾਲ ਹੀ ਵਿਚ ਨਿਊਯਾਰਕ ਤੋਂ ਸਾਂ ਹੋਜ਼ੇ ਤਬਦੀਲ ਹੋਇਆ ਸੀ ਜਿੱਥੇ ਵਿਸ਼ਵਨਾਥ ਨੂੰ ਸਿਸਕੋ ਕੰਪਨੀ ਵਿਚ ਸਿਸਟਮਜ਼ ਇੰਜੀਨੀਅਰ ਵਜੋਂ ਨੌਕਰੀ ਮਿਲੀ ਸੀ। ਜੋੜਾ ਦੁਨੀਆ ਭਰ ਵਿੱਚ ਖ਼ਤਰਨਾਕ ਥਾਵਾਂ ਦੀ ਸੈਰ ਕਰਦਾ ਰਹਿੰਦਾ ਸੀ ਤੇ ਆਪਣਾ ਇਕ ਬਲੌਗ 'ਹੌਲੀਡੇਅਜ਼ ਐਂਡ ਹੈਪਿਲੀਐਵਰਆਫਟਰਜ਼' ਲਿਖਦੇ ਸਨ। ਲੰਘੇ ਵੀਰਵਾਰ ਇਨ੍ਹਾਂ ਦੀਆਂ ਲਾਸ਼ਾਂ ਟੈਫਟ ਪੁਆਇੰਟ ਹੇਠੋਂ ਰੇਂਜਰਜ਼ ਨੂੰ ਮਿਲੀਆਂ ਸਨ ਜੋ ਯੋਜ਼ੇਮਾਈਟ ਵੈਲੀ, ਯੋਜ਼ੇਮਾਈਟ ਫਾਲਜ਼ ਤੇ ਅਲ ਕੈਪਟੇਨ ਆਉਣ ਵਾਲੇ ਲੋਕਾਂ ਦੀ ਪਸੰਦੀਦਾ ਜਗ੍ਹਾ ਹੈ। ਇਕ ਦਿਨ ਪਹਿਲਾਂ ਕਿਸੇ ਨੇ ਇਹ ਲਾਸ਼ਾਂ ਉੱਥੇ ਦੇਖੀਆਂ ਸਨ। ਪਾਰਕ ਦੇ ਤਰਜਮਾਨ ਜੇਮੀ ਰਿਚਰਡਜ਼ ਨੇ ਅਖ਼ਬਾਰ ਨੂੰ ਦੱਸਿਆ '' ਸਾਨੂੰ ਅਜੇ ਤੱਕ ਇਹ ਨਹੀਂ ਪਤਾ ਕਿ ਘਟਨਾ ਕਿਵੇਂ ਵਾਪਰੀ। ਸ਼ਾਇਦ ਸਾਨੂੰ ਇਸ ਤ੍ਰਾਸਦਿਕ ਘਟਨਾ ਦਾ ਸਾਰਾ ਵੇਰਵਾ ਕਦੇ ਵੀ ਪਤਾ ਨਾ ਚੱਲ ਸਕੇ।'' ਰਿਚਡਰਜ਼ ਨੇ ਦੱਸਿਆ ਕਿ ਇਸ ਸਾਲ ਹੁਣ ਤੱਕ ਪਾਰਕ ਵਿੱਚ ਦਸ ਜਣਿਆਂ ਦੀ ਡਿੱਗ ਕੇ ਮੌਤ ਹੋ ਚੁੱਕੀ ਹੈ। ਇਹ ਬਹੁਤ ਹੀ ਰਮਣੀਕ ਤੇ ਜੰਗਲੀ ਜਗ੍ਹਾ ਹੈ। ਜੇ ਤੁਸੀਂ ਇੱਥੇ ਧਿਆਨ ਨਾਲ ਨਾ ਕਦਮ ਨਾ ਰੱਖੋ ਤਾਂ ਤੁਹਾਨੂੰ ਡਿੱਗਦਿਆਂ ਦੇਰ ਨਹੀਂ ਲਗਦੀ। ਇਸ ਤੋਂ ਪਹਿਲਾਂ ਨੈਸ਼ਨਲ ਪਾਰਕ ਸਰਵਿਸ ਨੇ ਆਪਣੇ ਇਕ ਬਿਆਨ ਵਿਚ ਦੱਸਿਆ ਕਿ ਦੋਵਾਂ ਦੀ ਮੌਤ ਟੈਫਟ ਪੁਆਇੰਟ ਤੋਂ ਡਿੱਗਣ ਕਾਰਨ ਹੋਈ ਹੈ ਤੇ ਉਹ ਕਰੀਬ 800 ਫੁੱਟ ਦੀ ਉਚਾਈ ਤੋਂ ਡਿੱਗੇ ਸਨ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com

ਦੇਸ਼ ਦੁਆਬਾ

## ਪੰਜਾਬ ਤੋਂ ਕੌਮਾਂਤਰੀ ਉਡਾਣਾਂ ਕਿਉਂ ਨਹੀਂ?

ਪੰਜਾਬ ਤੋਂ ਹਰ ਰੋਜ਼ ਕਈ ਹਜ਼ਾਰ ਲੋਕੀ ਦੁਨੀਆਂ ਦੇ ਕਈ ਮੁਲਕਾਂ ਵਿਚ ਜਾਂਦੇ ਹਨ। ਜ਼ਿਆਦਾਤਰ ਯਾਤਰੀ ਦਿੱਲੀ ਦੇ ਏਅਰਪੋਰਟ ਦੀ ਵਰਤੋਂ ਕਰਦੇ ਹਨ। ਦਿੱਲੀ ਦਾ ਏਅਰਪੋਰਟ ਕੌਮਾਂਤਰੀ ਪੱਧਰ ਦਾ ਏਅਰਪੋਰਟ ਹੈ ਅਤੇ ਇੱਥੋਂ ਹਰ ਰੋਜ਼ ਹਜ਼ਾਰਾਂ ਫਲਾਈਟਾਂ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਪਹੁੰਚਦੀਆਂ ਹਨ। ਦੁਨੀਆਂ ਦੇ ਰੁਝੇਵਿਆਂ ਭਰੇ ਦਿੱਲੀ ਏਅਰਪੋਰਟ ਦੀ ਸਮੱਸਿਆ ਇਹ ਹੈ ਕਿ ਦਿੱਲੀ ਦੀ ਭੀੜ ਅਤੇ ਟਰੈਫਿਕ ਪ੍ਰਵਾਸੀ ਭਾਰਤੀਆਂ ਨੂੰ ਬਹੁਤ ਪ੍ਰੇਸ਼ਾਨ ਕਰਦੀ ਹੈ। ਭਾਰਤ ਸਰਕਾਰ ਨੂੰ ਪਹਿਲਾਂ ਵੀ ਅਜਿਹੇ ਪ੍ਰਸਤਾਵ ਦਿੱਤੇ ਗਏ ਹਨ ਕਿ ਪੰਜਾਬ ਵਿਚ ਵੀ ਦਿੱਲੀ ਦੀ ਤਰਜ਼ ਤੇ ਕੌਮਾਂਤਰੀ ਏਅਰਪੋਰਟ ਸਥਾਪਤ ਕੀਤਾ ਜਾਵੇ। ਪੰਜਾਬ ਦੀ ਪਿਛਲੀ ਸਰਕਾਰ ਨੇ ਵੀ ਕੋਸ਼ਿਸ਼ ਕੀਤੀ ਪਰ ਪੰਜਾਬ ਵਿਚ ਦਿੱਲੀ ਵਰਗਾ ਕੌਮਾਂਤਰੀ ਏਅਰਪੋਰਟ ਨਹੀਂ ਬਣ ਸਕਿਆ। ਹਾਲਾਂਕਿ ਸਰਕਾਰ ਦੇ ਯਤਨਾਂ ਨਾਲ ਮੋਹਾਲੀ, ਬਠਿੰਡਾ, ਲੁਧਿਆਣਾ, ਪਠਾਨਕੋਟ ਵਿਚ ਏਅਰਪੋਰਟ ਬਣਾਏ ਗਏ ਹਨ ਪਰ ਇਹ ਏਅਰਪੋਰਟ ਘਰੇਲੂ ਪੱਧਰ ਦੀਆਂ ਫਲਾਈਟਾਂ ਲਈ ਹੀ ਕੰਮ ਆਉਂਦੇ ਹਨ। ਸਿਰਫ ਅੰਮ੍ਰਿਤਸਰ ਏਅਰਪੋਰਟ ਹੀ ਕਈ ਮੁਲਕਾਂ ਵਿਚ ਫਲਾਈਟਾਂ ਭੇਜਦਾ ਹੈ ਪਰ ਇਹ ਵੀ ਸਿੱਧੀਆਂ ਪੱਛਮੀ ਮੁਲਕਾਂ ਨੂੰ ਨਹੀਂ ਜਾ ਪਾਉਂਦੀਆਂ। ਭਾਰਤ ਵਿਚ ਆਰਥਿਕ ਤਰੱਕੀ ਦੀ ਦਿਸ਼ਾ ਵਿਚ ਤੇਜ਼ੀ ਨਾਲ ਕੰਮ ਹੋ ਰਿਹਾ ਹੈ। ਇਸ ਦੇ ਕਾਰਨ ਭਾਰਤ ਵਿਚ ਵਹੀਕਲਾਂ ਦੀ ਗਿਣਤੀ ਬਹੁਤ ਜ਼ਿਆਦਾ ਵਧਦੀ ਜਾ ਰਹੀ ਹੈ। ਦਿੱਲੀ ਵਰਗੇ ਵੱਡੇ ਸ਼ਹਿਰ, ਜਿੱਥੇ ਪਹਿਲਾਂ ਹੀ ਟਰੈਫਿਕ ਦੀ ਸਮੱਸਿਆ ਸੀ, ਹੁਣ ਸਮੱਸਿਆ ਹੋਰ ਜ਼ਿਆਦਾ ਵੱਧ ਗਈ ਹੈ। ਲੰਮੇ-ਲੰਮੇ ਜਾਮ ਲੱਗਦੇ ਹਨ, ਜਿਹਨਾਂ ਵਿਚ ਫਸੇ ਲੋਕਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਹੁੰਦੇ ਹਨ। ਪੰਜਾਬ ਨੂੰ ਇਸ ਸਮੱਸਿਆ ਤੋਂ ਬਚਾਇਆ ਜਾ ਸਕਦਾ ਹੈ, ਜੇਕਰ ਪੰਜਾਬ ਵਿਚ ਕੋਈ ਦਿੱਲੀ ਵਰਗਾ ਕੌਮਾਂਤਰੀ ਏਅਰਪੋਰਟ ਹੋਵੇ। ਪੰਜਾਬ ਤੋਂ ਪ੍ਰਵਾਸੀਆਂ ਦੀ ਜਿੰਨੀ ਆਵਾਜਾਈ ਹੈ, ਇਸ ਦੇ ਮੱਦੇਨਜ਼ਰ ਇਹ ਕਹਿਣਾ ਗਲਤ ਹੈ ਕਿ ਅਜਿਹਾ ਕੋਈ ਕੌਮਾਂਤਰੀ ਏਅਰਪੋਰਟ ਪੰਜਾਬ ਵਿਚ ਕਾਮਯਾਬ ਨਹੀਂ ਹੋ ਸਕਦਾ। ਦਿੱਲੀ ਏਅਰਪੋਰਟ ਤੋਂ ਵੀ ਵਿਦੇਸ਼ ਜਾਣ ਵਾਲੇ ਲੋਕਾਂ ਵਿਚ ਅੱਧੇ ਤੋਂ ਵੱਧ ਪੰਜਾਬੀ ਹੁੰਦੇ ਹਨ। ਜੇਕਰ ਪੰਜਾਬ ਵਿਚ ਅਜਿਹਾ ਕੋਈ ਏਅਰਪੋਰਟ ਸਥਾਪਤ ਹੁੰਦਾ ਹੈ ਤਾਂ ਇਸ ਦਾ ਫਾਇਦਾ ਹਰਿਆਣਾ, ਹਿਮਾਚਲ, ਰਾਜਸਥਾਨ, ਜੰਮੂ-ਕਸ਼ਮੀਰ ਦੇ ਲੋਕੀ ਵੀ ਲੈ ਸਕਦੇ ਹਨ। ਪ੍ਰਵਾਸੀ ਪੰਜਾਬੀਆਂ ਨੂੰ ਵੀ ਇਸ ਪਾਸੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਜੋ ਦਿੱਲੀ ਏਅਰਪੋਰਟ ਤੱਕ ਪਹੁੰਚਣ ਲਈ ਰਸਤੇ ਵਿਚ ਹੁੰਦੀ ਖੱਜਲ-ਖੁਆਰੀ ਤੋਂ ਬਚਿਆ ਜਾ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰ ਗੱਦੀ ਦਿਵਸ 'ਤੇ ਵਿਸ਼ੇਸ਼-ਜਲੌਅ, ਜਲੂਸ ਅਤੇ ਨਗਰ ਕੀਰਤਨ



ਅਵਤਾਰ ਸਿੰਘ ਮਿਸ਼ਨਰੀ
510-432-5827

ਜਲੌਅ-ਜਲੌਅ ਦਾ ਅਰਥ ਹੈ ਜਲਵਾ, ਸ਼ਾਨੋ ਸ਼ੌਕਤ ਵਾਲੀਆਂ ਝਲਕੀਆਂ। ਆਮ ਤੌਰ ਤੇ ਕਿਸੇ ਵਿਸ਼ੇਸ਼ ਦਿਨ ਤੇ ਕੀਮਤੀ ਚੀਜਾਂ ਦੀ ਨਮਾਇਸ਼ ਲਾਉਣੀ। ਸਿੱਖਾਂ 'ਚ ਜਲੌਅ ਸ਼ਬਦ ਦੀ ਬਹਤੀ ਵਰਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਏ ਤੋਸ਼ੇਖਾਨੇ ਦੀ ਦੀ ਨਮਾਇਸ਼ ਜੋ ਸਾਲ 'ਚ ਚਾਰ ਵਰ ਲਾਈ ਜਾਂਦੀ ਹੈ। ਜਲਵਾ ਤੇ ਜਲੂਸ ਸ਼ਬਦ ਵੀ ਜਲੌਅਚੋਂ ਹੀ ਪੈਦਾ ਹੋਏ ਹਨ।

ਜਲੂਸ-ਜਲੂਸ ਤੋਂ ਭਾਵ ਜਲਵੇ ਦੀ ਨਮਾਇਸ਼ ਕਰਨਾ। ਸਮਾਂ ਬੀਤਣ ਤੇ ਕਿਸੇ ਵਿਸ਼ੇਸ਼ ਦਿਨ ਉਸ ਘਟਨਾਂ ਸਬੰਧੀ ਇਕੱਠੇ ਹੋ, ਖੁਸ਼ੀ, ਗੁੱਸੇ ਜਾਂ ਜ਼ਜ਼ਬਾਤ ਦਾ ਪ੍ਰਗਟਾਵਾ ਕਰਨਾ। ਕਿਸੇ ਵਿਸ਼ੇਸ਼ ਇਤਹਾਸਕ ਘਟਨਾਂ ਨੂੰ ਹਮੇਸ਼ਾਂ ਯਾਦ ਰੱਖਣ ਵਾਸਤੇ ਵੀ ਜਲੂਸ ਕੱਢੇ ਜਾਣ ਲੱਗੇ। ਸਿੱਖਾਂ 'ਚ ਗੁਰਪੁਰਬ ਸਬੰਧੀ, ਸ਼ਬਦ ਗੁਰੂ ਦੀ ਅਗਵਾਈ 'ਚ ਇਕੱਠੇ ਹੋ ਗਲੀਆਂ ਬਜਾਰਾਂ 'ਚ ਕੀਰਤਨ ਕਰਦੇ ਲੰਘਣ ਨੂੰ ਵੀ ਜਲੂਸ ਕਿਹਾ ਜਾਂਦਾ ਸੀ। ਸਿੱਖ ਵੱਡੇ ਸ਼ਹਿਰਾਂ ਤੇ ਨਗਰਾਂ 'ਚ ਇਸ ਤਰਾਂ ਦੇ ਜਲੂਸ ਗੁਰੂ ਨਾਨਕ ਸਾਹਿਬ ਦੇ ਜਨਮ ਪ੍ਰਕਾਸ਼ ਸੰਨ 1469, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-1661, ਖਾਲਸਾ ਪ੍ਰਗਟ ਦਿਵਸ-1699, ਸ਼ਹੀਦੀ ਗੁਰੂ ਅਰਜਨ ਸਾਹਿਬ-30-05-1606, ਸ਼ਹੀਦੀ ਗੁਰੂ ਤੇਗਬਹਾਰ 11-11-1675, ਦੇ ਸਬੰਧ 'ਚ ਕੱਢਿਆ ਕਰਦੇ ਸਨ। ਧਾਰਮਿਕ ਜਾਂ ਰਾਜਨੀਤਕ ਮੰਗਾਂ ਜਾਂ ਕਿਸੇ ਹੋਰ ਮਸਲੇ ਵਾਸਤੇ ਵੀ ਪ੍ਰੋਟੈਸਟ ਰੂਪ 'ਚ ਜਲੂਸ ਕੱਢੇ ਜਾਂਦੇ ਹਨ। ਭਾਰਤ ਦੀ ਬਦਨੀਤ ਸਰਕਾਰ ਦੇ ਹੁਕਮ ਨਾਲ ਭਰਤੀ ਫੌਜ ਵੱਲੋਂ ਜੂਨ 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕੀਤੇ ਘਾਤਕ ਹਮਲੇ ਦੇ ਵਿਰੁੱਧ ਪ੍ਰੋਟੈਸਟ ਲਈ ਸਿੱਖਾਂ ਨੇ ਸੰਸਾਰ ਭਰ 'ਚ ਰੋਸ ਮਾਰਚ (ਜਲੂਸ) ਕੱਢੇ ਤੇ ਕਈ ਥਾਵੀਂ ਹੁਣ ਵੀ ਕੱਢੇ ਜਾ ਰਹੇ ਹਨ।



ਨਗਰ ਕੀਰਤਨ-ਹੁਣ ਜਲੂਸ ਦੀ ਥਾਂ ਸਭਿਅਕ ਸ਼ਬਦ ਨਗਰ ਕੀਰਤਨ ਵਰਤਿਆ ਜਾਣ ਲੱਗ ਪਿਆ ਜਿਸ ਦਾ ਭਾਵ ਕਿ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਦੀਆਂ ਗਲੀਆਂ ਤੇ ਮੁਹੱਲਿਆਂ ਚੋਂ ਸ਼ਬਦ ਗਾਉਂਦੇ ਲੰਘਣਾ। ਵੀਹਵੀਂ ਸਦੀ ਤੋਂ ਪਹਿਲਾਂ ਇਹ ਵਰਤਾਰਾ ਨਹੀਂ ਸੀ। ਸਿੱਖ ਇਤਹਾਸ 'ਚ ਕੇਵਲ ਇੱਕ ਨਗਰ ਕੀਰਤਨ ਦਾ ਪਤਾ ਲਗਦਾ ਹੈ ਜੋ "ਹੋਲੇ ਮਹੱਲੇ" ਮੌਕੇ ਸੰਨ 1703 ਤੋਂ ਹਰ ਸਾਲ ਅਨੰਦਪੁਰ ਵਿਖੇ ਕੱਢਿਆ ਜਾਂਦਾ ਸੀ। ਅੱਜ ਕੱਲ੍ਹ ਨਗਰ ਕੀਰਤਨ ਦੌਰਾਨ, ਸਿੱਖ ਗਲੀਆਂ, ਮੁਹੱਲਿਆਂ ਤੇ ਬਜਾਰਾਂ 'ਚ ਮਿਥੇ ਰਸਤੇ ਪਰ ਜਲੂਸ (ਨਗਰ ਕੀਰਤਨ) ਕਰਦੇ ਹਨ। ਸ਼ਗਦ ਗੁਰੂ ਗ੍ਰੰਥ ਸਾਹਿਬ ਤੇ ਪੰਜ ਸਿੱਖ ਜਿਨ੍ਹਾਂ ਨੇ ਹੱਥਾਂ 'ਚ ਨਿਸ਼ਾਨ ਸਾਹਿਬ ਫੜੇ ਹੁੰਦੇ ਆ, ਨਗਰ ਕੀਰਤਨ ਦੀ ਅਗਵਾਈ ਕਰਦੇ ਪਰ ਅਜੋਕੇ ਦੌਰ 'ਚ ਪੰਜ ਸਿੰਘ ਨੰਗੀਆਂ ਕਿਰਪਾਨਾਂ ਨਾਲ ਅਗਵਾਈ ਕਰਦੇ ਨੇ ਜਿਨਾਂ ਨੂੰ ਗਲਤੀ ਨਾਲ ਪੰਜ ਪਿਆਰੇ ਕਿਹਾ ਜਾਣ ਲੱਗ ਪਿਆ ਹੈ। ਰਾਗੀ, ਢਾਡੀ ਤੇ ਸੰਗਤਾਂ ਇਸ ਸਮੇਂ ਮਿਥੇ ਰਸਤਿਆਂ ਤੇ ਸ਼ਬਦ ਗਾਉਂਦੇ ਜਾਂਦੇ ਅਤੇ ਜੋਸ਼ੀਲੇ ਨਾਅਰੇ ਵੀ ਲਗਾਏ ਜਾਂਦੇ ਹਨ। ਇਹ ਧਾਰਮਿਕ ਸੰਗਤੀ ਰੋਸ ਜਲੂਸ ਤੋਂ ਵੱਖਰਾ ਹੁੰਦੈ ਕਿਉਂਕਿ ਇਸ 'ਚ ਗੁਰੂ ਗ੍ਰੰਥ ਦੀ ਸਵਾਰੀ ਨਹੀਂ ਹੁੰਦੀ ਅਤੇ ਪ੍ਰੋਟੈਸਟ ਕਰਦੇ ਵਿਰੋਧਤਾ ਦੇ ਨਾਅਰੇ ਲਗਾਏ ਜਾਂਦੇ ਹਨ।

ਨਗਰ ਕੀਰਤਨ ਦੇ ਸਬੰਧ 'ਚ ਭਾਈ ਕਾਹਨ ਸਿੰਘ ਨ੍ਹਾਭਾ ਗੁਰਮਤਿ ਮਾਰਤੰਡ 'ਚ ਲਿਖਦੇ ਹਨ ਕਿ ਹੁਣ ਖਾਸ ਉਤਸਵਾਂ 'ਤੇ ਨਗਰ 'ਚ ਫਿਰ ਕੇ ਵਾਜੇ ਗਾਜੇ ਨਾਲ ਕੀਰਤਨ ਉਪਦੇਸ਼ ਕਰਨ ਦੀ ਰੀਤ ਪੈ ਗਈ ਜੋ ਧਰਮ ਪ੍ਰਚਾਰ ਲਈ ਬੁਰੀ ਨਹੀਂ ਪਰ ਕਦੇ ਕਦੇ ਨਾਦਾਨ ਜੋਸ਼ੀਲੇ ਲੋਕਾਂ ਦੀ ਕ੍ਰਿਪਾ ਨਾਲ ਉਪਦ੍ਰਵ ਮੱਚ ਜਾਂਦੇ ਹਨ। ਵਿਚਾਰਵਾਨ ਪ੍ਰਬੰਧਕਾਂ ਨੂੰ ਇਨ੍ਹਾਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ-

ਉਹ ਸ਼ਬਦ ਗਾਏ ਜਾਣ ਜਿਨ੍ਹਾਂ 'ਚ ਭਗਤੀ, ਸੇਵਾ, ਪ੍ਰੇਮ ਅਤੇ ਸ਼ਰਧਾ ਆਦਿ ਦਾ ਉਪਦੇਸ਼ ਹੋਵੇ। ਵਖਿਆਨ ਕੋਮਲ ਸ਼ਬਦਾਂ 'ਚ ਹਿਤ ਭਰੇ ਪਰਸਪਰ ਪ੍ਰੀਤ ਵਧਾਉਣ ਵਾਲੇ ਹੋਣ। ਖਿਮਾਂ, ਧੀਰਜ ਤੇ ਸ਼ਾਤੀ ਦਾ ਕਿਸੇ ਦੇ ਭੜਕਾਉਣ ਤੇ ਵੀ ਤਿਆਗ ਨਾ ਕੀਤਾ ਜਾਵੇ। ਨਗਾਰਾ ਤੇ ਨਿਸ਼ਾਨ ਜੋ ਖਾਲਸੇ ਦਾ ਮੁੱਖ ਚਿੰਨ੍ਹ ਹੈ ਜਥੇ ਦੇ ਅੱਗੇ ਹੋਵੇ ਅਤੇ ਰੌਲੂ ਵਾਜਿਆਂ ਦਾ ਤਿਆਗ ਕੀਤਾ ਜਾਵੇ। ਜੇ ਕਿਸੇ ਪ੍ਰਸਿੱਧ ਗੁਰਦੁਆਰੇ ਤੋਂ ਮੁਹੱਲੇ ਦੀ ਸ਼ਕਲ 'ਚ ਸੰਗਤ ਜਾਵੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਥੀ ਪਾਲਕੀ ਆਦਿਕ ਵਿੱਚ ਅਸਥਾਪਨ ਕਰਕੇ, ਪ੍ਰੋਸ਼ੈਸਨ 'ਚ ਲਿਆਂਦਾ ਜਾਵੇ, ਨਹੀਂ ਤਾਂ ਮਾਮੂਲੀ ਗਲੀਆਂ 'ਚ ਜਾਣੋ ਸੰਕੋਚ ਕਰਨਾ ਚਾਹੀਏ।

ਜਰਾ ਵਿਚਾਰੀਏ ਕਿ ਗੁਰਬਾਣੀ ਨੂੰ ਆਪ ਪੜ੍ਹਨ, ਵਿਚਾਰਨ ਅਤੇ ਧਾਰਨ ਦੀ ਥਾਂ ਭਾੜੇ ਦੇ ਪਾਠ, ਕਥਾ, ਕੀਰਤਨ ਅਤੇ ਅਰਦਾਸਾਂ ਕਰੌਣੀਆਂ। ਗੁਰੂ ਗ੍ਰੰਥ ਸਾਹਿਬ ਜੀ ਦੀ ਵੀ ਮੂਰਤੀਆਂ ਵਾਂਗ ਪੂਜਾ ਕਰਨੀ ਭਾਵ ਕੇਵਲ ਮੱਥੇ ਟੇਕਣੇ, ਸੁੱਖਣਾ ਸੁੱਖਣੀਆਂ ਅਤੇ ਧੂਫਾਂ ਧੁਖਾਉਣੀਆਂ। ਵੱਖ ਵੱਖ ਪਾਰਟੀਆਂ ਬਣਾ ਕੇ, ਭਰਾ ਮਾਰੂ ਜੰਗ ਵਿੱਚ ਉਲਝਣਾ ਆਦਿਕ ਹੋਰ ਵੀ ਐਸੇ ਅਨੇਕਾਂ ਕਾਰਨ ਹਨ ਜਿਨ੍ਹਾਂ ਕਰਕੇ ਅੱਜ ਖਾਲਸਾ ਪੰਥ ਢਹਿੰਦੀਆਂ ਕਲਾਂ ਵਿੱਚ ਜਾ ਰਿਹਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬਉੱਚਤਾ ਨੂੰ ਢਾਹ ਲੱਗ ਰਹੀ ਹੈ। ਸੋ ਅੱਜ ਸਾਨੂੰ ਛੋਟੇ ਮੋਟੇ ਵਖਰੇਵੇਂ ਅਤੇ ਧੜੇਬੰਦੀਆਂ ਤੋਂ ਉੱਪਰ ਉੱਠ-ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥(੧੧੮੫) ਦੇ ਮਹਾਂਵਾਕ ਤੇ ਅਮਲ ਕਰ, ਇੱਕ ਪੰਥਕ ਕਾਫਲਾ ਬਣ ਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਤੇ ਸਰਬਉੱਚਤਾ ਨੂੰ ਬਹਾਲ ਕਰਨਾ ਚਾਹੀਦਾ ਹੈ ਜੋ ਸਾਡੇ ਸਾਰੇ ਮਸਲਿਆਂ ਦਾ ਹੱਲ ਹੈ।

ਜੇ ਇਵੇਂ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਗੱਦੀ ਦਿਵਸ ਮਨਾਏ ਅਤੇ ਨਗਰ ਕੀਰਤਨ ਕੱਢੇ ਸਫਲੇ ਹਨ ਵਰਨਾ ਖਾਣ ਪੀਣ, ਪੁਜਾਰੀਆਂ ਦੀਆਂ ਜ਼ੇਬਾਂ ਭਰਨ, ਪ੍ਰਬੰਧਕਾਂ ਦੀਆਂ ਚੌਧਰਾਂ ਚਮਕੌਣ, ਲਕੀਰ ਦੇ ਫਕੀਰ ਬਣਕੇ ਰੀਤਾਂ ਰਸਮਾਂ ਪੂਰੀਆਂ ਕਰਨ ਅਤੇ ਲੋਕ ਦਿਖਾਵੇ ਤੱਕ ਹੀ ਸੀਮਤ ਰਹੇ ਜਾਂਵਾਂਗੇ।

# ਨਵੇਂ ਵਿਚਾਰਾਂ ਦਾ ਚਾਨਣ ਵੰਡੇਗਾ: ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ:-** ਸੰਸਾਰ ਭਰ ਦੀ ਕਿਰਤੀ ਜਮਾਤ ਦੀ ਮੁਕਤੀ ਦੇ ਮਾਰਗ ਦਰਸ਼ਕ ਮਹਾਂ ਦਾਰਸ਼ਨਿਕ, ਕਾਰਲ ਮਾਰਕਸ ਦੀ 200 ਸਾਲਾ (5 ਮਈ 1818-2018) ਜਨਮ ਵਰ੍ਹੇਗੰਢ ਨੂੰ ਸਮਰਪਿਤ ਹੋਏਗਾ 30 ਅਕਤੂਬਰ ਤੋਂ ਸ਼ੁਰੂ ਹੋ ਕੇ 2 ਨਵੰਬਰ ਸਰਘੀ ਵੇਲੇ ਤੱਕ ਚੱਲਣ ਵਾਲਾ ਤਿੰਨ ਰੋਜ਼ਾ 27ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰੈਸ ਮਿਲਣੀ 'ਚ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾਂ ਰੌਸ਼ਨ ਕਰਨ ਨਾਲ ਤਿੰਨ ਦਿਨ ਚੱਲਣ ਵਾਲਾ ਮੇਲਾ, ਚੁਫ਼ੇਰੇ ਫੈਲੀ ਧੁੰਦ ਦੂਰ ਕਰਨ ਲਈ ਨਵੇਂ ਵਿਚਾਰਾਂ ਦਾ ਚਾਨਣ ਵੰਡੇਗਾ।



ਪ੍ਰੈਸ ਕਾਨਫਰੰਸ ਦੇ ਸ਼ੁਰੂ 'ਚ ਹੀ ਮੁਲਕ ਦੇ ਮੰਨੇ-ਪ੍ਰਮੰਨੇ ਬੁੱਧੀਜੀਵੀਆਂ, ਅਰੁਨ ਫਰੇਰਾ, ਗੋਜ਼ਾਲਵੇਸ, ਸੁਧਾ ਭਾਰਦਵਾਜ ਆਦਿ ਨੂੰ ਨਜ਼ਰਬੰਦੀ ਤੋਂ ਵੀ ਅੱਗੇ ਵੱਧਕੇ ਹਿਰਾਸਤ ਵਿੱਚ ਲੈਣ ਦੀ ਕਾਰਵਾਈ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿੰਦਾ ਕੀਤੀ ਗਈ। ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਅਦਾ ਕਰਨਗੇ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ 'ਜੀ ਆਇਆਂ ਨੂੰ' ਕਹਿਣਗੇ। ਇਸ ਮੌਕੇ ਹੀ ਕਾਵਿ-ਨਾਟ ਰੂਪੀ, ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ ਹੋਏਗਾ। ਜਿਸਦੀ ਤਿਆਰੀ ਲਈ ਅੱਜ ਤੋਂ ਲੱਗੀ ਵਰਕਸ਼ਾਪ 'ਚ 15 ਨਾਟ-ਸੰਗੀਤ ਮੰਡਲੀਆਂ ਦੇਸ਼ ਭਗਤ ਯਾਦਗਾਰ ਹਾਲ ਪੁੱਜ ਗਈਆਂ ਹਨ।

ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੇ ਪ੍ਰਧਾਨਗੀ ਭਾਸ਼ਣ, ਹਰਵਿੰਦਰ ਭੰਡਾਲ ਦੀ ਪੁਸਤਕ 'ਕਾਰਲ ਮਾਰਕਸ: ਵਿਅਕਤੀ, ਯੁੱਗ ਅਤੇ ਸਿਧਾਂਤ' ਅਤੇ ਸੋਵੀਨਰ ਲੋਕ ਅਰਪਣ ਹੋਏਗਾ। ਸ਼ਹੀਦਾਂ ਦੇ ਪਿੰਡਾਂ ਦਾ ਸਨਮਾਨ ਹੋਏਗਾ।

ਜਾਣੇ-ਪਹਿਚਾਣੇ ਵਿਦਵਾਨ ਪ੍ਰੋ. ਆਨੰਦ ਤੈਲਤੁੰਬੜੇ (ਗੋਆ ਯੂਨੀਵਰਸਿਟੀ) ਦੇ ਮੁੱਖ ਭਾਸ਼ਣ ਦੇਣਗੇ। ਉਪਰੰਤ ਦੇਸ ਰਾਜ ਛਾਜਲੀ ਲੋਕ ਸੰਗੀਤ ਮੰਡਲੀ ਛਾਜਲੀ, ਕਵੀਸ਼ਰੀ ਜਥਾ ਮੁਖਤਿਆਰ ਜਫ਼ਰ, ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਗੀਤਾਂ ਤੋਂ ਇਲਾਵਾ ਪੀਪਲਜ਼ ਥੀਏਟਰ, ਲਹਿਰਾਗਾਗਾ (ਸੈਮੂਅਲ ਜੌਨ) 'ਗਧਾ ਅਤੇ ਸ਼ੇਰ' ਨਾਟਕ ਪੇਸ਼ ਕਰਨਗੇ। ਸ਼ਾਮ 4 ਵਜੇ ਤੋਂ 5:45 ਵਜੇ ਤੱਕ ਵਿਚਾਰ ਚਰਚਾ ਹੋਏਗੀ।

ਸ਼ਾਮ 5:45 ਵਜੇ ਫੁਲਵਾੜੀ ਕਲਾ ਕੇਂਦਰ ਲੋਹੀਆਂ (ਰਚਨਾ ਤੇ ਨਿਰਦੇਸ਼ਨ ਜਗੀਰ ਜੋਸਣ) ਵੱਲੋਂ ਦੇਸ਼ ਭਗਤ ਹਾਲ ਦੇ ਮੁੱਖ ਦੁਆਰ ਤੋਂ ਸ਼ੁਰੂ ਕਰਕੇ ਨਾਟਕਾਂ ਵਾਲੀ ਮੰਚ ਤੱਕ 'ਜਾਗੋ' ਕੱਢੀ ਜਾਏਗੀ। ਪਹਿਲੀ ਨਵੰਬਰ ਦੀ ਸ਼ਾਮ 6:00 ਵਜੇ ਤੋਂ 2 ਨਵੰਬਰ ਸਰਘੀ ਵੇਲੇ ਤੱਕ ਨਾਟਕਾਂ ਅਤੇ ਗੀਤ-ਸੰਗੀਤ ਦੀ ਲੜੀ ਚੱਲਦੀ ਰਹੇਗੀ। ਇਸ ਲੜੀ ਵਿੱਚ ਸੁਚੇਤਕ ਰੰਗ ਮੰਚ ਮੋਹਾਲੀ (ਲੇਖਕ ਸ਼ਬਦੀਸ਼, ਨਿਰਦੇਸ਼ਕ ਅਨੀਤਾ ਸ਼ਬਦੀਸ਼) ਵੱਲੋਂ 'ਮਨ ਮਿੱਟੀ ਦਾ ਬੋਲਿਆ', ਡਾ. ਸਵਰਾਜਵੀਰ ਦਾ ਲਿਖਿਆ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ 'ਧਰਮ ਗੁਰੂ'। ਗੁਰਮੀਤ ਕੜਿਆਲਵੀ ਦੀ ਰਚਨਾ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ 'ਚ ਨਾਟਿਯਮ ਅਭਿਨੇਤਾ ਦਾ ਰੰਗ ਮੰਚ ਬਠਿੰਡਾ ਵੱਲੋਂ 'ਸਿਲਤਰਾਂ'। ਪ੍ਰੋ. ਅਜਮੇਰ ਸਿੰਘ ਔਲਖ ਦੀ ਰਚਨਾ ਅਤੇ ਨਿਰਦੇਸ਼ਨਾ 'ਚ ਲੋਕ ਕਲਾ ਮੰਚ ਮਾਨਸਾ ਵੱਲੋਂ 'ਐਸੇ ਜਨ ਵਿਰਲੇ ਸੰਸਾਰਿ'। ਰੁਜ਼ਗਾਰ ਪ੍ਰਾਪਤੀ ਰੰਗ ਮੰਚ ਇਪਟਾ ਮੋਗਾ (ਨਿਰਦੇਸ਼ਕ ਵਿੱਕੀ ਮਹੇਸ਼ਰੀ) ਵੱਲੋਂ 'ਪਿਸ਼ਾਵਰ ਐਕਸਪ੍ਰੈਸ' ਨਾਟਕ ਖੇਡੇ ਜਾਣਗੇ। ਇਸ ਰਾਤ ਮਾਨਵਤਾ ਕਲਾ ਮੰਚ ਨਗਰ (ਜਸਵਿੰਦਰ ਪੱਪੀ) ਕੋਰਿਓਗਰਾਫ਼ੀਆਂ ਪੇਸ਼ ਕਰੇਗਾ। ਲੋਕ ਸੰਗੀਤ ਮੰਡਲੀ ਜੀਦਾ (ਜਗਸੀਰ ਜੀਦਾ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਸੰਗੀਤ ਮੰਡਲੀਆਂ ਤੋਂ ਇਲਾਵਾ ਨਿਰਮਾਣ, ਅੰਮਿ-ਤਪਾਲ ਬਠਿੰਡਾ, ਅਜਮੇਰ ਅਕਲੀਆ, ਰੁਪਿੰਦਰ ਕੌਰ ਰੰਧਾਵਾ, ਵਰਿੰਦਰ ਪਾਲ, ਗਗਨ ਲੌਂਗੋਵਾਲ, ਸੱਤਪਾਲ ਬੰਗਾ, ਰਾਮ ਮੂਰਤੀ ਸਮੇਤ ਵੱਖ-ਵੱਖ ਸੂਬਿਆਂ ਤੋਂ ਆਈਆਂ ਸੰਗੀਤ ਮੰਡਲੀਆਂ ਗੀਤਾਂ ਦਾ ਰੰਗ ਭਰਨਗੀਆਂ।

ਇਸ ਮੇਲੇ 'ਚ ਖਿੱਚ ਭਰਪੂਰ ਆਪਣੇ ਆਪ 'ਚ ਇੱਕ ਹੋਰ ਮੇਲੇ ਦਾ ਰੂਪ ਹੋਏਗਾ ਪੁਸਤਕ ਮੇਲਾ, ਜੋ ਤਿੰਨੇ ਦਿਨ ਚੱਲੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮੇਲੇ ਦੀ ਸਫ਼ਲਤਾ ਲਈ ਹਰ ਪੱਖੋਂ ਸਹਿਯੋਗ ਦੇਣ ਦੀ ਪੁਰਜ਼ੋਰ ਅਪੀਲ ਕੀਤੀ ਹੈ। ਪ੍ਰੈਸ ਕਾਨਫਰੰਸ 'ਚ ਉਪਰੋਕਤ ਅਹੁਦੇਦਾਰਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਹਰਵਿੰਦਰ ਭੰਡਾਲ, ਚਰੰਜੀ ਲਾਲ ਕੰਗਣੀਵਾਲ, ਸੀਤਲ ਸਿੰਘ ਸੰਘਾ, ਹਰਬੀਰ ਕੌਰ ਬੰਨ੍ਹੂਆਣਾ ਹਾਜ਼ਰ ਸਨ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਯੂਬਾ ਸਿਟੀ-** ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿਚ ਯੂਬਾ ਸਿਟੀ ਦੀਆਂ ਸੰਗਤਾਂ ਤੋਂ ਇਲਾਵਾ ਸੈਕਰਾਮੈਂਟੋ, ਰਿਓਲਿੰਡਾ, ਵਲੇਹੋ, ਟਰੇਸੀ, ਪਿਟਸਬਰਗ, ਲਾਈਵਓਕ, ਗਰਿਡਲੀ, ਸੈਨਹੋਜ਼ੇ, ਓਰਾਵਿਲ, ਰੈਡਿੰਗ ਆਦਿ ਤੋਂ ਵੀ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ। ਜਿਸ ਵਿਚ ਅਕਤੂਬਰ 26, 2018 ਨੂੰ ਭਗਵਾਨ ਵਾਲਮੀਕ ਜੀ ਰਚਿਤ ਗ੍ਰੰਥ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਗਏ ਤੇ 28 ਅਕਤੂਬਰ 2018 ਦਿਨ ਐਤਵਾਰ ਨੂੰ ਭੋਗ ਪਾਏ ਗਏ।

ਪਾਠ ਦੀ ਸੇਵਾ ਤਿੰਨੇ ਦਿਨ ਵਿਨੋਦ ਗਿੱਲ, ਵਿਸ਼ਾਲ ਸ਼ਰਬਤੀ ਤੇ ਰਾਜ ਕੁਮਾਰ ਜੀ ਵੱਲੋਂ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਕੀਤੀ ਗਈ। ਤਿੰਨੇ ਦਿਨ ਪਾਠ ਦੇ ਨਾਲ ਨਾਲ ਕੀਰਤਨ ਤੇ ਕਥਾ ਦਾ ਪ੍ਰਵਾਹ ਵੀ ਚਲਦਾ ਰਿਹਾ। ਤਿੰਨੇ ਦਿਨ ਪਾਠ ਦੇ ਨਾਲ ਨਾਲ ਕੀਰਤਨ ਤੇ ਕਥਾ ਦਾ ਪ੍ਰਵਾਹ ਵੀ ਚਲਦਾ ਰਿਹਾ। ਤਿੰਨੇ ਦਿਨ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਲੰਗਰਾਂ ਦੀ ਸੇਵਾ ਪਲਵਿੰਦਰ ਸਿੰਘ ਸਹੋਤਾ, ਜਗਜੀਤ ਸਿੰਘ ਗਿੱਲ, ਦੇਸ ਰਾਜ ਸ਼ੁੱਭ, ਰਵੀਪਾਲ ਸਿੰਘ ਚੌਹਾਨ, ਮਨਜੀਤ ਸਿੰਘ (ਤਾਜ ਰੈਸਟੋਰੈਂਟ ਯੂਬਾ ਸਿਟੀ ਵਾਲੇ), ਅਸ਼ੋਕ ਕੁਮਾਰ, ਰਾਜ ਕੁਮਾਰ ਸੂਦ, ਪਾਲ ਸਿੰਘ ਆਦਿ ਪਰਿਵਾਰਾਂ ਵੱਲੋਂ ਬਹੁਤ ਹੀ ਸ਼ਰਧਾ ਨਾਲ ਕੀਤੀ ਗਈ।

27 ਅਕਤੂਬਰ 2018 ਨੂੰ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਜਿਸ ਵਿਚ ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਪ੍ਰਸ਼ੋਤਮ ਲਾਲ ਸੌਂਧੀ ਪਰਿਵਾਰ ਵੱਲੋਂ ਕੀਤੀ ਗਈ, ਜਿਸ ਵਿਚ ਸੈਂਕੜੇ ਲੋਕਾਂ ਨੇ ਗੁਰੂ ਸਾਹਿਬ ਦੇ ਚਰਨਾਂ 'ਚ ਹਾਜ਼ਰੀ ਲਗਵਾਈ। ਡਾ. ਰੋਮਾ ਭਗਾਣੀ ਵੱਲੋਂ ਨੌਜਵਾਨ ਪੀੜ੍ਹੀ ਨੂੰ ਪੜ੍ਹਾਈ ਦਾ ਮਹੱਤਤਾ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਇਸ ਕਾਰਜ ਉਪਰ ਕੇਂਦਰਿਤ ਹੋਣਾ ਚਾਹੀਦਾ ਹੈ। ਇਸੇ ਹੀ ਵਿਸ਼ੇ ਉਪਰ ਸਮਸ਼ੇਰ ਸਿੰਘ ਜੋ ਕਿ ਪੀ. ਐਚ. ਡੀ. ਕਰ ਰਹੇ ਨੇ, ਆਪਣੇ ਨੌਜਵਾਨ ਭੈਣ-ਭਰਾਵਾਂ ਨੂੰ ਉਚ ਸਿੱਖਿਆ ਉਪਰ ਪੂਰਾ



ਕੇਂਦਰਿਤ ਹੋਣਾ ਚਾਹੀਦਾ ਹੈ। ਪੜ੍ਹਾਈ ਹੀ ਇਕ ਵਧੀਆ ਤੇ ਪੱਕੀ ਤੇ ਸਦਾਬਹਾਰ ਜਾਇਦਾਦ ਹੁੰਦੀ ਹੈ, ਜਿਸ ਵਿਚ ਕੋਈ ਵੀ ਹਿੱਸੇਦਾਰ ਨਹੀਂ ਬਣ ਸਕਦਾ। ਦੋਹਾਂ ਬੁਲਾਰਿਆਂ ਨੇ ਮੁੱਖ ਰੂਪ ਵਿਚ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਅਸੀਂ ਪੜ੍ਹਾਈ ਕਰਕੇ ਹੀ ਬਰਾਬਰਤਾ ਦਾ ਦਰਜਾ ਹਾਸਲ ਕਰ ਸਕਦੇ ਹਾਂ। ਪੜ੍ਹਾਈ ਹੀ ਇਕ ਅਜਿਹੀ ਬਰਾਬਰਤਾ ਦਿੰਦੀ ਹੈ ਜਿਸ ਦੇ ਅੱਗੇ ਧਰਮ-ਜਾਤ ਸਭ ਫਿੱਕੇ ਪੈ ਜਾਂਦੇ ਹਨ।

ਬਹੁਤ ਸਾਰੇ ਬੁਲਾਰਿਆਂ ਜਿਵੇਂ ਕਿ ਜਸਪਾਲ ਮਾਲੜੀ (ਜਨਰਲ ਸਕੱਤਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ.), ਪ੍ਰੇਮ ਕੁਮਾਰ ਚੁੰਬਰ (ਸੰਪਾਦਕ ਦੇਸ਼ ਦੁਆਬਾ), ਹਰਮੇਸ਼ ਲਾਲ ਬੰਗੜ (ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ), ਗੁਰਨਾਮ ਸਿੰਘ ਪੰਮਾ (ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ ਯੂਬਾ ਸਿਟੀ), ਕੇਵਲ ਸਿੰਘ ਸਿੱਧੂ ਵਲੇਹੋ, ਸੋਨੂੰ ਅੰਬੇਦਕਰ ਸੈਕਰਾਮੈਂਟੋ, ਬੀਬੀ ਬਲਜਿੰਦਰ ਕੌਰ (ਬੱਲ) ਢਿੱਲੋਂ (ਸਕੂਲ ਸੁਪਰਵਾਈਜ਼ਰ ਦੇ ਉਮੀਦਵਾਰ), ਮਿਸਟਰ ਕਲੀਵਲੈਂਡ (ਸਿਟੀ ਕੌਂਸਲਰ ਦੇ ਉਮੀਦਵਾਰ), ਸੁੱਖਾ ਸਿੱਧੂ (ਸਿਟੀ ਕੌਂਸਲਰ ਦੇ ਉਮੀਦਵਾਰ), ਸ. ਸ਼ਿੰਗਾਰਾ ਸਿੰਘ ਰੱਲੂ (ਜਨਰਲ ਸਕੱਤਰ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ) ਆਦਿ ਸਭ ਨੇ ਭਗਵਾਨ ਵਾਲਮੀਕ ਜੀ ਦੀ ਉਪਮਾ ਕਰਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰੀ ਲਗਵਾਈ। ਜੋ ਉਮੀਦਵਾਰ (ਬੱਲ ਢਿੱਲੋਂ, ਸੁੱਖ ਸਿੱਧੂ, ਮਿਸਟਰ ਕਲੀਵਲੈਂਡ) ਚੋਣ ਲੜ ਰਹੇ ਹਨ, ਸਭਾ ਵੱਲੋਂ ਪੂਰਨ ਹਮਾਇਤ ਕਰਨ ਦਾ ਭਰੋਸਾ ਦਿਵਾਇਆ ਗਿਆ।

ਬਹੁਤ ਸਾਰੇ ਗਾਇਕ ਕਲਾਕਾਰਾਂ ਭੁਪਿੰਦਰ ਸਿੰਘ ਭਿੰਦਾ, ਅਮਰਜੀਤ ਸਿੰਘ ਲਾਲੀ, ਰਾਜਕੁਮਾਰ ਪੰਡੋਰੀ, ਵਿਸ਼ਾਲ ਸ਼ਰਬਤੀ, ਦੇਸ ਰਾਜ ਸ਼ੁੱਭ, ਬਲਵੀਰ ਧਾਰੀਵਾਲ, ਜੀਵਨ ਰੱਤੂ, ਜਸਵਿੰਦਰ ਮਹਾਜਨ, ਰੋਹਤਾਸ਼ ਭਗਾਣੀ, ਅਸ਼ੋਕ ਕੁਮਾਰ, ਗਿਆਨੀ ਪ੍ਰਿਤਪਾਲ ਸਿੰਘ (ਮੁੱਖ ਗ੍ਰੰਥੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ), ਬੱਚੇ ਹੀਰਾ ਸਿੰਘ ਤੇ ਲੋਚਨਾ ਰਾਇ ਆਦਿ ਸਭ ਨੇ ਗੁਰੂ ਜੀ ਦੀ ਬਾਣੀ ਤੇ ਸਿੱਖਿਆਵਾਂ ਨਾਲ ਸਬੰਧਤ ਸ਼ਬਦ ਗਾ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਵਾਈ ਗਈ।

ਕਥਾਵਾਚਕ ਭਾਈ ਕ੍ਰਿਸ਼ਨ ਸਿੰਘ (ਗਿਆਨੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ) ਨੇ ਭਗਵਾਨ ਵਾਲਮੀਕ ਜੀ ਦੇ ਜੀਵਨ ਤੇ ਉਹਨਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਬਾਰੇ ਬਹੁਤ ਹੀ ਵਿਸਥਾਰ ਪੂਰਵਕ ਕਥਾ ਕੀਤੀ ਗਈ। ਸੰਗਤਾਂ ਵੱਲੋਂ ਵੀ ਲਗਾਤਾਰ 7-8 ਘੰਟੇ ਦਾ ਪ੍ਰੋਗਰਾਮ ਬਹੁਤ ਹੀ ਪਿਆਰ ਸਤਿਕਾਰ ਤੇ ਸ਼ਰਧਾ ਨਾਲ ਸੁਣਿਆ ਤੇ ਆਨੰਦ ਮਾਣਿਆ। ਇਸ ਸਾਰੇ ਪ੍ਰੋਗਰਾਮ ਦੌਰਾਨ ਪੂਰਾ ਇਕ ਹਫਤਾ ਦਿਨ ਰਾਤ ਟੈਂਪਲ ਦੇ ਵਿਚ ਪੂਰੀ ਸ਼ਰਧਾ, ਸ਼ਗਨ ਤੇ ਪਿਆਰ ਨਾਲ ਜਿਹਨਾਂ ਨੌਜਵਾਨਾਂ (ਦਵਿੰਦਰ ਸਿੰਘ ਸ਼ੁੱਭ, ਹਰਕ੍ਰਿਸ਼ਨ ਸਿੰਘ, ਮਨਦੀਪ ਸਿੰਘ, ਪਰਦੀਪ ਗਿੱਲ ਤੇ ਰਮਨ ਥਾਪਰ) ਨੇ ਸੇਵਾ ਕੀਤੀ ਗਈ। ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ (ਯੂਬਾ ਸਿਟੀ) ਵੱਲੋਂ ਉਹਨਾਂ ਨੌਜਵਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਮੂਹ ਸੰਗਤਾਂ ਵੱਲੋਂ ਭਗਵਾਨ ਵਾਲਮੀਕ ਜੀ ਦੇ ਚਰਨਾਂ 'ਚ ਅਰਦਾਸ ਕੀਤੀ ਕਿ ਇਹਨਾਂ ਨੌਜਵਾਨਾਂ ਨੂੰ ਸਤਿਗੁਰੂ ਤਰੱਕੀਆਂ ਬਖ਼ਸ਼ਣ ਤੇ ਹੋਰ ਵੀ ਸੇਵਾ ਲਗਨ ਤੇ ਸ਼ਰਧਾ ਦੇ ਭੰਡਾਰ ਬਖਸ਼ਿਸ਼ ਕਰਨ।

ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਆਈਆਂ ਸੰਗਤਾਂ ਦਾ ਸਮੂਹ ਸਭਾ ਵੱਲੋਂ ਤਹਿ ਦਿਲੋਂ ਧੰਨਵਾਦ ਕਰਦਿਆਂ ਹੋਇਆਂ ਬੇਨਤੀ ਵੀ ਕੀਤੀ ਗਈ ਮੰਦਰ ਦੀ ਡਿਵੈਲਪਮੈਂਟ ਤੇ ਸੁੰਦਰਤਾ ਲਈ ਦਿਲ ਖੋਲ੍ਹ ਕੇ ਮਾਇਆ ਦਾ ਯੋਗ ਪਾਓ ਤਾਂ ਕਿ ਆਪ ਸਭ ਦੇ ਸਹਿਯੋਗ ਨਾਲ ਮੰਦਰ ਦਾ ਵਿਸਥਾਰ ਕੀਤਾ ਜਾਵੇ ਤੇ ਹੋਰ ਸੁੰਦਰ ਬਣਾਇਆ ਜਾ ਸਕੇ। ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ) ਵੱਲੋਂ ਨਿਭਾਈ ਗਈ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਸਲਾਨਾ ਸਾਹਿਤਕ ਕਾਨਫ਼ਰੰਸ ਵਿਚ ਅਮਰੀਕੀ ਪੰਜਾਬੀ ਕਵਿਤਾ 'ਤੇ ਭਰਵਾਂ ਵਿਚਾਰ ਵਟਾਂਦਰਾ













**ਨਿਊਆਰਕ-** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਬੇ ਏਰੀਆ ਵਲੋਂ ਕੈਲੀਫ਼ੋਰਨੀਆ ਦੇ ਸ਼ਹਿਰ ਨਿਊਆਰਕ ਵਿਖੇ ਸਲਾਨਾ ਸਾਹਿਤਕ ਕਾਨਫ਼ਰੰਸ ਕਰਵਾਈ ਗਈ। ਇਹ ਕਾਨਫ਼ਰੰਸ ਅਕਾਦਮੀ ਦੇ ਚੇਅਰਮੈਨ ਪ੍ਰੋ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਸਮਾਗਮ ਦਾ ਆਗਾਜ਼ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਸ਼ਬਦ ਗਾਇਨ ਨਾਲ ਕੀਤਾ। ਅਕਾਦਮੀ ਦੇ ਜਨਰਲ ਸਕੱਤਰ ਸ਼ਾਇਰ ਕੁਲਵਿੰਦਰ ਨੇ ਪੰਜਾਬ ਤੋਂ ਤੋਂ ਆਏ ਵਿਦਵਾਨ ਅਲੋਚਕ ਅਤੇ ਸ਼ਾਇਰ ਸੁਰਜੀਤ ਜੱਜ, ਸਾਹਿਤ ਅਕੈਡਮੀ ਅਵਾਰਡ ਨਾਲ ਸਨਮਾਨਿਤ ਸ਼ਾਇਰ ਜਸਵਿੰਦਰ, ਜੰਮੂ ਤੋਂ ਆਏ ਸ਼ਾਇਰ ਅਤੇ ਨਾਟਕਕਾਰ ਦਵਿੰਦਰ ਵਿਸ਼ਵ ਨਾਗਰਿਕ, ਪੱਤਰਕਾਰ ਅਤੇ ਸ਼ਾਇਰ ਹਜ਼ਰਤ ਸਿਆਮ, ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਕਹਾਣੀਕਾਰ ਹਰਜਿੰਦਰ ਪੰਧੇਰ ਅਤੇ ਪ੍ਰੋ. ਸੁਖਵਿੰਦਰ ਕੰਬੋਜ ਨੂੰ ਪ੍ਰਧਾਨਗੀ ਮੰਡਲ ਵਿਚ ਸਸ਼ੋਭਿਤ ਕੀਤਾ। ਇਸ ਉਪਰੰਤ ਅਕਾਦਮੀ ਦੀ ਮੈਂਬਰ ਨੀਲਮ ਸੈਣੀ ਵਲੋ ਅਕਾਦਮੀ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੜ੍ਹੀ ਗਈ। ਇਸ ਸੈਸ਼ਨ ਦਾ ਸੰਚਾਲਨ ਕਰਦੇ ਹੋਏ ਪ੍ਰੋ. ਸੁਖਵਿੰਦਰ ਕੰਬੋਜ ਨੇ ਸੁਰਜੀਤ ਜੱਜ ਨੂੰ 'ਅਮਰੀਕੀ ਪੰਜਾਬੀ ਕਵਿਤਾ' ਤੇ ਪੇਪਰ ਪੜ੍ਹਨ ਲਈ ਸੱਦਾ ਦਿੱਤਾ। ਸੁਰਜੀਤ ਜੱਜ ਨੇ ਅਮਰੀਕੀ ਪੰਜਾਬੀ ਕਵਿਤਾ ਦੀ ਗੱਲਬਾਤ ਕਰਦਿਆਂ ਕਿਹਾ ਕਿ ਜੇ ਕਰ ਸੰਜੀਦਗੀ ਨਾਲ ਵਿਚਾਰੀਏ ਤਾਂ ਅਮਰੀਕਾ ਵਿਚ ਕਾਵਿ ਸਿਰਜਣਾ ਨਾਲ ਜੁੜੇ ਬਹੁਤੇ ਸ਼ਾਇਰ ਪਰਵਾਸ ਤੋਂ ਪਹਿਲਾਂ ਪੰਜਾਬ ਵਿਚ ਹੀ ਲਿਖ ਰਹੇ ਸਨ।

ਇਸ ਲਈ ਅਮਰੀਕੀ ਕਵਿਤਾ ਨੂੰ ਪੰਜਾਬ ਪੱਧਰ ਦੀ ਕਵਿਤਾ ਦਾ ਦਰਜਾ ਪ੍ਰਾਪਤ ਹੈ।ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਕਵਿਤਾ ਪਿਛਲੇ ਕੁੱਝ ਸਮੇਂ ਤੋਂ ਤੇਜੀ ਨਾਲ ਵਿਕਸਤ ਹੋ ਕੇ ਸਿਖ਼ਰ ਤੇ ਪਹੁੰਚੀ ਹੈ। ਇਹ ਕਵਿਤਾ ਵਿਸ਼ੇ ਅਤੇ ਰੂਪ ਪੱਖੋਂ ਆਪਣੀ ਨਿਵੇਕਲੀ ਪਹਿਚਾਣ ਬਣਾ ਚੁੱਕੀ ਹੈ। ਅਮਰੀਕਾ ਵਿਚ ਹਰ ਵੰਨਗੀ ਦੀ ਕਵਿਤਾ ਲਿਖੀ ਜਾ ਰਹੀ ਹੈ। ਇਹ ਕਵਿਤਾ ਕਵਿਤਾ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਅਧਿਆਤਮਕਵਾਦ ਜਿਹੇ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਅੱਜ ਮੈਂ ਸਿਰਫ਼ ਬੇ ਏਰੀਏ ਦੇ ਸ਼ਾਇਰਾਂ ਦੀ ਰਚਨਾ ਤੇ ਵਿਚਾਰ ਕਰਾਂਗਾ। ਇਥੇ ਗ਼ਜ਼ਲ ਰਚਨਾ ਵਿਚ ਆਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਸੁਰਿੰਦਰ ਸਿੰਘ ਸੀਰਤ, ਸੁਰਜੀਤ ਸਖੀ, ਹਰਜਿੰਦਰ ਕੰਗ, ਕਮਲ ਦੇਵ ਪਾਲ, ਜਗਜੀਤ ਨੌਸ਼ਿਹਰਵੀ, ਤਾਰਾ ਸਿੰਘ ਸਾਗਰ.ਮੇਜਰ ਭੁਪਿੰਦਰ ਦਲੇਰ ਦੇ ਨਾਂ ਵਰਣਨਯੋਗ ਹਨ। ਇਨ੍ਹਾਂ ਸਾਰੇ ਸ਼ਾਇਰਾਂ ਵਿਚੋਂ ਕੁਲਵਿੰਦਰ ਇਸ ਕਰਕੇ ਵਿਸ਼ੇਸ਼ ਹੈ ਕਿ ਉਸ ਨੇ ਗ਼ਜ਼ਲ ਪਰਵਾਸ ਧਾਰਨ ਕਰਨ ਤੋਂ ਬਾਅਦ ਲਿਖਣੀ ਸ਼ੁਰੂ ਕੀਤੀ ਅਤੇ ਉਹ ਗ਼ਜ਼ਲ ਦੇ ਖੇਤਰ ਵਿਚ ਸਥਾਪਿਤ ਹੋਇਆ।

ਸੁਰਿੰਦਰ ਸਿੰਘ ਸੀਰਤ ਦੀ ਗ਼ਜ਼ਲ ਵਿਚ ਜੰਮੂ ਦੀ ਖੇਤਰੀ ਭਾਸ਼ਾ ਦਾ ਰੰਗ ਦੇਖਣ ਨੂੰ ਮਿਲਦਾ ਹੈ। ਸੁਖਵਿੰਦਰ ਕੰਬੋਜ, ਰੇਸ਼ਮ ਸਿੰਘ, ਕਮਲ ਦੇਵ ਪਾਲ ਆਦਿ ਪ੍ਰਗਤੀਵਾਦੀ ਕਵਿਤਾ ਨੂੰ ਅੱਗੇ ਤੋਰ ਰਹੇ ਨੇ। ਸੁਖਪਾਲ ਸੰਘੇੜਾ ਦੀ ਕਵਿਤਾ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ। ਗੁਰੂਮੇਲ ਸਿੱਧੂ ਨੇ ਖੁੱਲ੍ਹੀ ਕਵਿਤਾ ਵਿਚ ਆਪਣੀ ਪਹਿਚਾਣ ਬਣਾਈ ਹੈ। ਕਵਿਤਾ ਸਿਰਜਣਾ ਵਿਚ ਗੁਲਸ਼ਨ ਦਿਆਲ, ਹਰਭਜਨ ਢਿੱਲੋਂ, ਹਰਪ੍ਰੀਤ ਕੌਰ ਧੂਤ, ਕਮਲ ਬੰਗਾ, ਪ੍ਰਿੰਸੀਪਲ ਹਜ਼ੂਰਾ ਸਿੰਘ, ਅਮਰਜੀਤ ਪਨੂੰ, ਸ਼ਸ਼ੀ ਸਮੁੰਦਰਾ ਅਤੇ ਨੀਲਮ ਸੈਣੀ ਦੇ ਨਾਮ ਜ਼ਿਕਰਯੋਗ ਹਨ। ਨੀਲਮ ਸੈਣੀ ਵਲੋਂ ਸਿਰਜਣਾ ਪ੍ਰਕਿਰਿਆ ਦੇ ਨਾਲ ਪਰਬੰਧਕੀ ਕਾਰਜਾਂ ਵਿਚ ਨਿਭਾਈ ਜਾ ਰਹੀ ਭੂਮਿਕਾ ਸਲਾਹੁਣਯੋਗ ਹੈ। ਸਵਾਲ -ਜਵਾਬ ਦੇ ਸਿਲਸਿਲੇ ਤਹਿਤ ਹੋਰ ਸਰੋਤਿਆਂ ਤੋਂ ਇਲਾਵਾ ਅਵਤਾਰ ਗੰਦੋਰਾ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਸੁਰਜੀਤ ਜੱਜ ਨੇ ਵਿਧੀ ਪੂਰਵਕ ਦਿੱਤੇ। ਇਸ ਉਪਰੰਤ ਸੁਰਜੀਤ ਸਖੀ, ਪ੍ਰਿੰਸੀਪਲ ਹਜ਼ੂਰਾ ਸਿੰਘ, ਕਮਲ ਬੰਗਾ, ਮਹਿੰਦਰ ਸਿੰਘ ਸੰਘੇੜਾ ਅਤੇ ਡਾ. ਗੁਰਪ੍ਰੀਤ ਸਿੰਘ ਧੁੱਗਾ ਦੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਿਤ ਕੀਤੀਆਂ ਗਈਆਂ। ਦੁਪਹਿਰ ਦੇ ਖਾਣੇ ਤੋਂ ਬਾਅਦ ਸੰਗੀਤਕ ਮਹਿਫ਼ਲ ਦਾ ਸੰਚਾਲਨ ਨੀਲਮ ਸੈਣੀ ਵਲੋਂ ਕੀਤਾ ਗਿਆ।

ਸੁਖਦੇਵ ਸਾਹਿਲ ਨੇ ਜਸਵਿੰਦਰ ਅਤੇ ਹਰਜਿੰਦਰ ਕੰਗ ਦੀਆਂ ਰਚਨਾਵਾਂ ਨਾਲ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਅਕਾਦਮੀ ਵਲੋਂ ਹਰਭਜਨ ਢਿੱਲੋਂ ਨੂੰ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ', ਨੀਲਮ ਸੈਣੀ ਨੂੰ ਸਭਿਆਚਾਰਕ ਪੁਸਤਕ 'ਤੀਆਂ ਤੀਜ ਦੀਆਂ' ਅਤੇ ਅਸ਼ੋਕ ਟਾਂਗਰੀ ਨੂੰ 'ਕਿਸਾਨ ਖ਼ੁਦਕਸ਼ੀ ਦੇ ਮੋੜ ਤੇ' ਨਾਟਕ ਦੇ ਨਿਰਦੇਸ਼ਨ ਅਤੇ ਪੇਸ਼ਕਾਰੀ ਲਈ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਕਵੀ ਦਰਬਾਰ ਦਾ ਸੰਚਾਲਨ ਕਰਦੇ ਹੋਏ ਕੁਲਵਿੰਦਰ ਨੇ ਸੁਰਜੀਤ ਜੱਜ, ਜਸਵਿੰਦਰ , ਹਰਜਿੰਦਰ ਕੰਗ, ਫ਼ਰੂਖ ਤਰਾਜ਼, ਸੁਰਜੀਤ ਸਖ਼ੀ ਅਤੇ ਆਜ਼ਾਦ ਜਲੰਧਰੀ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਕਵੀ ਦਰਬਾਰ ਵਿਚ ਗੁਲਸ਼ਨ ਦਿਆਲ, ਹਰਪ੍ਰੀਤ ਧੂਤ, ਦਲਵੀਰ ਦਿਲ ਨਿੱਜਰ, ਇੰਦਰਜੀਤ ਗਰੇਵਾਲ, ਸੁਖਪਾਲ ਸੰਘੇੜਾ, ਗੁਰਦੀਪ, ਫ਼ਰੂਖ਼ ਤਰਾਜ਼, ਡਾ. ਖ਼ੁਆਜਾ ਅਸਰਫ਼, ਰੇਸ਼ਮ ਸਿੱਧੂ, ਜਗਜੀਤ ਨੌਸ਼ਿਹਰਵੀ, ਮੇਜਰ ਭੁਪਿੰਦਰ ਦਲੇਰ, ਸੁਰਿੰਦਰ ਸਿੰਘ ਸੀਰਤ, ਦਵਿੰਦਰ ਸਿੰਘ ਵਿਸ਼ਵ ਨਾਗਰਿਕ, ਨਨੂੰ ਨੂਰ, ਕੁਲਵੰਤ ਸੇਖੋਂ,ਅਮਰਜੀਤ ਸਿੰਘ ਜੌਹਲ, ਹਰਜੀਤ ਹਠੂਰ, ਤਾਰਾ ਸਿੰਘ ਸਾਗਰ, ਕਮਲ ਬੰਗਾ, ਹਜ਼ਰਤ ਸਿਆਮ, ਹਰਭਜਨ ਢਿੱਲੋਂ, ਨੀਲਮ ਸੈਣੀ, ਪ੍ਰੋ. ਸੁਖਵਿੰਦਰ ਕੰਬੋਜ, ਕੁਲਵਿੰਦਰ, ਸੁਰਜੀਤ ਜੱਜ, ਆਜ਼ਾਦ ਜਲੰਧਰੀ, ਸੁਰਜੀਤ ਸਖੀ ਅਤੇ ਜਸਵਿੰਦਰ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਕਾਨਫ਼ਰੰਸ ਵਿਚ ਹੋਰਾਂ ਤੋਂ ਇਲਾਵਾ ਡਾ. ਅਜੀਤ ਪਾਲ ਸੰਧੂ, ਪ੍ਰੋ. ਬਲਜਿੰਦਰ ਸਿੰਘ ਸਵੈਚ, ਸੁਖਵੀਰ ਕੌਰ, ਪਰਮਜੀਤ ਕੌਰ ਗਿੱਲ, ਸਰਬਜੀਤ ਸਿੰਘ ਗਿੱਲ, ਜਸਵਿੰਦਰ ਸਿੰਘ ਤੱਖਰ, ਅਮਰਜੀਤ ਕੌਰ ਜੌਹਲ, ਡਾ. ਹਰਮੇਸ਼ ਕੁਮਾਰ, ਇਕਬਾਲ ਰੰਧਾਵਾ, ਮਨਜੀਤ ਸਿੰਘ ਆਦਿ ਸ਼ਾਮਿਲ ਸਨ। ਇਸ ਮੌਕੇ ਲਗਾਈ ਪੁਸਤਕ ਪਰਦਰਸ਼ਨੀ ਨੂੰ ਭਰਵਾਂ ਹੁੰਗਾਰਾ ਮਿਲਿਆ।

ਰੇਡੀਓ ਪੰਜਾਬੀ ਯੂ ਐਸ ਏ ਰਾਣੀ ਕਾਹਲੋਂ ਅਤੇ ਟੀਮ ਨੇ ਹਰ ਸੰਭਵ ਸਹਿਯੋਗ ਦਿੱਤਾ। ਜਸਵੀਰ ਸਿੰਘ ਭੰਵਰਾ ਦੀ ਵੀਡੀਓਗ੍ਰਾਫ਼ੀ ਤੋਂ ਇਲਾਵਾ ਸਿਤਾਰੇ ਟੀ ਵੀ ਵਲੋਂ 'ਸਿਤਾਰੇ'ਟੀ ਵੀ ਦੀ ਹੋਸਟ ਨੀਲਮ ਸੈਣੀ ਵਲੋਂ ਇਸ ਸਮੁੱਚੇ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ।

# ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਦੀ ਜਾਂਚ ਰਿਪੋਰਟ ਨੇ ਥਾਣਾ ਨਹੀਆਂਵਾਲਾ ਦੀ ਪੁਲੀਸ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਦੀ ਜਾਂਚ ਰਿਪੋਰਟ ਨੇ ਥਾਣਾ ਨਹੀਆ ਵਾਲਾ ਦੀ ਪੁਲੀਸ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਲਿਖਿਆ ਹੈ ਕਿ ਪ੍ਰਵਾਸੀ ਮਜ਼ਦੂਰ ਪਰਿਵਾਰ ਦੀ ਨਾਬਾਲਗ ਲੜਕੀ ਨਾਲ ਸਬੰਧਤ ਅਗਵਾ ਕਾਂਡ ਦੀਆਂ ਪਰਤਾਂ ਖੋਲ੍ਹਣ ਦੀ ਬਜਾਏ ਅਗਵਾਕਾਰਾਂ ਦੀ ਪੁਲਿਸ ਤਰਫਦਾਰੀ ਕਰਦੀ ਰਹੀ। ਜਮਹੂਰੀ ਅਧਿਕਾਰ ਸਭਾ ਦੀ ਪੰਜ ਮੈਂਬਰੀ ਜਾਂਚ ਕਮੇਟੀ (ਜਿਸ ਵਿੱਚ ਜਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ, ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ, ਰੇਖਾ ਰਾਣੀ ਤੇ ਹਰਬੰਸ ਕੌਰ ਸ਼ਾਮਿਲ ਸਨ) ਵੱਲੋਂ ਤਿਆਰ ਕੀਤੀ ਇਕ ਵਿਸਥਾਰਤ ਤੱਤ ਖੋਜ ਰਿਪੋਰਟ ਸੰਖੇਪ ਵਿੱਚ ਪ੍ਰੈਸ ਨੂੰ ਜਾਰੀ ਕਰਦਿਆਂ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਐਮਡੀ ਨੇ ਦੱਸਿਆ ਕਿ ਅਗਵਾ ਕਾਂਡ ਦੇ ਤਕਰੀਬਨ ਤਿੰਨ ਹਫਤੇ ਬੀਤ ਜਾਣ ਪਿਛੋਂ ਤਕ ਵੀ ਇਲਾਕਾ ਪੁਲਿਸ ਨਬਾਲਗ ਲੜਕੀ ਨੂੰ ਅਗਵਾ ਕਰਨ ਵਾਲੇ ਗਰੋਹ ਦੇ ਸਾਰੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਤੇ ਇਸ ਕਾਂਡ ਦੀਆਂ ਪਰਤਾਂ ਖੋਲ੍ਹਣ ਵਿੱਚ ਆਪਣੀ ਜ਼ਿਮੇਵਾਰੀ ਨਿਭਾਉਣ ਦੀ ਬਜਾਏ ਅਗਵਾਕਾਰਾਂ ਦੀ ਤਰਫ਼ਦਾਰੀ ਕਰ ਰਹੀ ਹੈ। ਪਿਛਲੇ ਹਫਤੇ ਜਿਲ੍ਹਾ ਪੁਲਸ ਮੁਖੀ ਦੀ ਹਦਾਇਤ ਤੇ ਸਿਰਫ ਦੋ ਹੀ ਦੋਸ਼ੀ ਪੁਲਿਸ ਨੇ ਫੜੇ ਹਨ।ਇਸ ਅਤੀ ਗੰਭੀਰ ਅਗਵਾ ਕਾਂਡ ਪਿੱਛੇ ਕੰਮ ਕਰਦੀ ਅਗਵਾਕਾਰਾਂ ਦੀ ਮੰਸ਼ਾ ਸਾਹਮਣੇ ਲਿਆਉਣ ਵਿੱਚ ਪੁਲਿਸ ਨੇ ਗ੍ਰਿਫ਼ਤਾਰ ਕੀਤੇ ਦੋ ਦੋਸ਼ੀਆਂ ਤੋਂ ਕੋਈ ਪੁੱਛ ਪੜਤਾਲ ਨਹੀਂ ਕੀਤੀ ਅਤੇ ਨਾ ਹੀ ਨਬਾਲਿਗਾ ਨੂੰ ਅਗਵਾ ਕਰਨ ਵੇਲੇ ਵਰਤੀ ਗਈ ਕਾਰ ਬਰਾਮਦ ਕਰਵਾਈ ਹੈ। ਸਭਾ ਦੀ ਜਾਂਚ ਟੀਮ ਵੱਲੋਂ ਘਟਨਾ ਵਾਲੀ ਥਾਂ ਤੇ ਜਾ ਕੇ ਮੌਕੇ ਦਾ ਜਾਇਜ਼ਾ ਲਿਆ ਗਿਆ ਅਤੇ ਪੀੜਤ ਪਰਿਵਾਰਾਂ ਦੇ ਮੈਂਬਰਾਂ, ਅਗਵਾ ਦਾ ਸ਼ਿਕਾਰ ਹੋਈ ਲੜਕੀ, ਉਸ ਦੀ ਮਾਂ ਮਿੰਟੂ ਦੇਵੀ ਤੇ ਪਿਤਾ ਅਜੈ ਸਾਹਨੀ ਪੁੱਤਰ ਬਲਦੇਵ ਸਾਹਨੀ ਤੋਂ ਸਮੁੱਚੇ ਘਟਨਾਕ੍ਰਮ ਦੇ ਵੇਰਵੇ ਸੁਣ ਕੇ ਤੱਥ ਨੋਟ ਕੀਤੇ। ਟੀਮ ਨੇ ਇਲਾਕੇ ਦੀਆਂ ਉਹਨਾਂ ਜਨਤਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਵੀ ਜਾਣਕਾਰੀ ਹਾਸਲ ਕੀਤੀ ਜਿਨ੍ਹਾਂ ਨੇ ਲੜਕੀ ਨੇ ਪੀੜਤ ਪਰਿਵਾਰ ਲਈ ਇਨਸਾਫ ਖਾਤਰ ਪੁਲੀਸ ਅਧਿਕਾਰੀਆਂ ਤੱਕ ਪਹੁੰਚ ਕੀਤੀ। ਟੀਮ ਨੇ ਇਸ ਕੇਸ ਨਾਲ ਸਬੰਧਤ ਦਰਜ ਹੋਈ ਐਫ ਆਈ ਆਰ–0135 ਮਿਤੀ 10-10-2018 ਦੀ ਕਾਪੀ ਵੀ ਹਾਸਲ ਕੀਤੀ। ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰਨ ਵਾਲਾ ਬਿਹਾਰ ਦੇ ਸਮਸਤੀਪੁਰ ਜ਼ਿਲ੍ਹੇ ਤੋਂ ਆਇਆ ਇਹ ਗ਼ਰੀਬ ਦਲਿਤ ਮਜ਼ਦੂਰ ਪਰਿਵਾਰ ਪਿਛਲੇ ਕਰੀਬ ਛੇ ਸਾਲਾਂ ਤੋਂ ਇੱਥੇ ਟਿਕਿਆ ਹੋਇਆ ਹੈ। ਆਪਣੇ ਘਰ ਦੇ ਨੇੜਿਓਂ ਪਾਣੀ ਲੈਣ ਗਈ 15 ਸਾਲਾ ਨਾਬਾਲਗ ਲੜਕੀ ਨੂੰ 7 ਅਕਤੂਬਰ ਸਵੇਰੇ 6 ਵਜੇ ਕਾਲੇ ਸ਼ੀਸ਼ਿਆਂ ਵਾਲੀ ਕਾਰ ਵਿੱਚ ਕੁਝ ਬੰਦਿਆਂ ਅਤੇ ਜੇਲ ਦੇ ਨੇੜਿਓਂ ਲੰਘਦੀ ਸੜਕ ਤੇ ਚਾਹ ਦਾ ਅਹਾਤਾ ਚਲਾਉਣ ਵਾਲੀ ਇਕ ਔਰਤ (ਬਲਜੀਤ ਕੌਰ ਗੌਂਦਾਰਾ) ਨੇ ਅਗਵਾ ਕੀਤਾ।ਇਸ ਕਾਰ ਨੂੰ ਇੱਕ ਹੋਰ ਔਰਤ ਚਲਾ ਰਿਹਾ ਸੀ। ਪਰਿਵਾਰ ਨੇ ਥਾਣਾ ਨਹੀਆਂ ਵਾਲਾ ਜਾ ਕੇ ਪਹੁੰਚ ਕੀਤੀ ਅਤੇ ਜੇਲ੍ਹ ਨੇੜੇ ਚਾਹ ਦਾ ਅਹਾਤਾ ਚਲਾਉਂਦੀ ਬਲਜੀਤ ਕੌਰ ਗੌਂਦਾਰਾ ਤੋਂ ਪੁੱਛ-ਪੜਤਾਲ ਕਰਨ ਦੀ ਮੰਗ ਕੀਤੀ ਪਰ ਪੁਲਸ ਨੇ ਟਾਲ ਮਟੋਲ ਕਰ ਕੇ ਵਾਪਸ ਮੋੜ ਦਿੱਤਾ।ਜ਼ਿਆਦਾ ਰੌਲਾ ਪੈ ਜਾਣ ਤੇ ਹੀ 10 ਅਕਤੂਬਰ ਨੂੰ ਪੁਲਿਸ ਨੇ ਐਫ ਆਈ ਆਰ ਤਾਂ ਦਰਜ ਕੀਤੀ ਪਰ ਲੜਕੀ ਬਰਾਮਦ ਕਰਨ ਅਤੇ ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਪਰਿਵਾਰ ਨੇ ਪਿੰਡ ਖਿਆਲੀਵਾਲਾ ਦੀਆਂ ਜਨਤਕ ਜਥੇਬੰਦੀਆਂ (ਕ੍ਰਾਂਤੀਕਾਰੀ ਪੈਂਡੂ ਮਜ਼ਦੂਰ ਯੂਨੀਅਨ ਤੇ ਬੀਕੇਯੂ-ਕ੍ਰਾਂਤੀਕਾਰੀ) ਤੋਂ ਮੱਦਦ ਮੰਗੀ।ਜਿਨ੍ਹਾਂ ਵਲੋਂ ਪੁਲਸ ਤੇ ਦਬਾਅ ਪਾਉਣ ਕਾਰਨ ਅਗਵਾਕਾਰ ਆਪਣੀ ਪੋਲ ਖੁੱਲ੍ਹਣ ਦੇ ਡਰੋਂ 12 ਅਕਤੂਬਰ ਨੂੰ ਸ਼ਾਮ ਅੱਠ ਵਜੇ ਇੱਕ ਆਟੋ ਤੇ ਲਿਆ ਕੇ ਲੜਕੀ ਨੂੰ ਉਸ ਦੇ ਘਰ ਦੇ ਬਾਹਰ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਸੁੱਟ ਕੇ ਫਰਾਰ ਹੋ ਗਏ, ਬਲਜੀਤ ਕੌਰ ਵੀ ਆਟੋ ਵਿਚ ਬੈਠੀ ਸੀ। ਟੀਮ ਨੇ ਉਹ ਅਹਾਤਾ ਵੀ ਦੇਖਿਆ ਜਿੱਥੇ ਪਰਿਵਾਰ ਦੇ ਦੱਸਣ ਮੁਤਾਬਕ "ਬਲਜੀਤ ਕੌਰ ਆਪਣਾ ਕੋਈ ਗੈਰਕਨੂੰਨੀ ਧੰਦਾ ਚਲਾਉਂਦੀ ਹੈ ਅਤੇ ਜੇਲ ਦੀ ਗਾਰਦ ਤੇ ਪੁਲਸ ਕਰਮੀਆ ਦਾ ਉਥੇ ਆਉਣਾ ਜਾਣਾ ਰਹਿੰਦਾ ਹੈ।" ਪੀੜਤ ਲੜਕੀ ਨੇ ਟੀਮ ਨੂੰ ਦੱਸਿਆ ਕਿ "ਅਗਵਾ ਕਰਨ ਪਿੱਛੋਂ ਮੇਰੀ ਛਾਤੀ ਦੇ ਖੱਬੇ ਪਾਸੇ ਕੋਈ ਚੀਜ ਖੋਭ ਦਿੱਤੀ (ਜਿਸ ਦਾ ਨਿਸ਼ਾਨ ਟੀਮ ਦੀਆਂ ਔਰਤ ਮੈਂਬਰਾਂ ਨੇ ਦੇਖਿਆ ਜਿਵੇਂ ਕਿਤੇ ਚਮੜੀ ਸਾੜੀ ਗਈ ਹੋਵੇ) ਅਗਵਾ ਕਰਨ ਪਿੱਛੋਂ ਜਿਸ ਦੋ ਮੰਜ਼ਿਲੇ ਮਕਾਨ ਵਿੱਚ ਮੈਨੂੰ ਰੱਖਿਆ ਗਿਆ ਉੱਥੋਂ ਸਰੋਂ ਦੇ ਤੇਲ ਦੀ ਬੋ ਹੁੰਦੀ ਸੀ ਅਤੇ ਨਰਮਾ ਵੀ ਪਿਆ ਸੀ। ਉੱਥੇ ਮੇਰੇ ਤੋਂ ਇਲਾਵਾ ਦੋ ਹੋਰ ਲੜਕੀਆਂ ਵੀ ਰੱਖੀਆਂ ਹੋਈਆਂ ਸਨ। ਬਲਜੀਤ ਕੌਰ ਵੀ ਉੱਥੇ ਰਹੀ ਅਤੇ ਜਾਂਦੀ ਹੋਈ ਨੇ ਕਿ ਮੈਂ ਫਿਰ ਆਵਾਂਗੀ, ਹੁਣ ਉਸ ਦਾ ਪਰਛਾਵਾਂ ਮੇਰੇ ਪਿੱਛਾ ਨਹੀਂ ਛੱਡਦਾ।"ਟੀਮ ਨੇ ਨੋਟ ਕੀਤਾ ਕਿ ਲੜਕੀ ਦਾ ਕੋਈ ਮੈਡੀਕਲ ਮੁਆਇਨਾ ਨਹੀਂ ਹੋਇਆ। ਸਭਾ ਦੀ ਟੀਮ ਨੇ ਜਨਤਕ ਜਥੇਬੰਦੀਆਂ ਦੇ ਆਗੂਆਂ (ਸੁਖਪਾਲ ਸਿੰਘ, ਗੁਰਚਰਨ ਸਿੰਘ ਗੋਰਾ ਅਤੇ ਕਾਮਰੇਡ ਗੁਰਨਾਮ ਸਿੰਘ) ਤੋਂ ਵੀ ਕੁਝ ਤੱਥ ਜਾਣੇ।ਇਨ੍ਹਾਂ ਆਗੂਆਂ ਬਠਿੰਡੇ ਦੇ ਐਸਐਸਪੀ ਨਾਲ ਮੁਲਾਕਾਤ ਕੀਤੀ ਤਾਂ ਜਾ ਕੇ ਪੁਲਿਸ ਵਲੋਂ ਮੈਜਿਸਟਰੇਟ ਅੱਗੇ ਲੜਕੀ ਦੇ ਬਿਆਨ ਕਰਵਾਏ ਗਏ। ਪਰਿਵਾਰ ਦੇ ਮੁੱਖੀ ਅਜੈ ਸਾਹਨੀ ਦੇ ਦੱਸਣ ਮੁਤਾਬਕ "ਪੁਲੀਸ ਉਨ੍ਹਾਂ ਤੇ ਸਮਝੌਤੇ ਲਈ ਦਬਾਅ ਪਾਉਂਦੀ ਹੈ ਕਿਉਂਕਿ ਦੋਸ਼ੀ ਔਰਤ ਪੁਲੀਸ ਦੇ ਸੰਪਰਕ ਵਿਚ ਚੱਲ ਰਹੀ ਹੈ ਅਤੇ ਦੂਜੇ ਪਾਸੇ ਬਲਜੀਤ ਕੌਰ ਆਪਣੇ "ਬੰਦੇ" ਲਿਆ ਕੇ ਉਨ੍ਹਾਂ ਨੂੰ ਧਮਕੀਆਂ ਦੇ ਕੇ ਗਈ ਕਿ "ਮੈਂ ਤੁਹਾਨੂੰ ਬਰਬਾਦ ਕਰ ਦਿਆਂਗੀ।" ਇਸ ਕੇਸ ਵਿੱਚ ਦਰਜ ਹੋਈ ਐਫ ਆਈ ਆਰ ਵਿੱਚ ਅਗਵਾ ਦੀ ਧਾਰਾ 365 ਦਾ ਵਾਧਾ ਕਰਨ, ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਅਗਵਾ ਦੇ ਮਕਸਦ ਨੂੰ ਸਾਹਮਣੇ ਲਿਆਉਣ ਦੀ ਮੰਗ ਲੈ ਕੇ ਸਭਾ ਦਾ ਇੱਕ ਵਫ਼ਦ(ਜਿਸ ਵਿਚ ਪ੍ਰਧਾਨ, ਜਨਰਲ ਸਕੱਤਰ ਤੇ ਪ੍ਰੈਸ ਸਕੱਤਰ ਤੋਂ ਇਲਾਵਾ ਮੀਤ ਪ੍ਰਧਾਨ ਪ੍ਰਿੰਸੀਪਲ ਰਣਜੀਤ ਸਿੰਘ, ਰੇਖਾ ਰਾਣੀ, ਐਡਵੋਕੇਟ ਸੰਦੀਪ ਸਿੰਘ ਤੇ ਜਸਪਾਲ ਮਾਨਖੇੜਾ ਸ਼ਾਮ.ਲ ਹੋਏ) ਐਸ ਐਸ ਪੀ ਬਠਿੰਡਾ ਡਾ ਨਾਨਕ ਸਭਾ ਨੂੰ ਮਿਲਿਆ ਤਾਂ ਉਹਨਾਂ ਨੇ ਥਾਣਾ ਇੰਚਾਰਜ ਨੂੰ ਹਦਾਇਤਾਂ ਜਾਰੀ ਕੀਤੀਆਂ। ਥਾਣਾ ਮੁੱਖੀ ਨੇ ਉਸੇ ਦਿਨ ਡੀਡੀਆਰ ਨੰ-27 ਤਹਿਤ ਐਫਆਈਆਰ ਵਿੱਚ ਧਾਰਾ-365 ਦਾ ਵਾਧਾ ਕਰ ਦਿੱਤਾ ਅਤੇ ਬਲਜੀਤ ਕੌਰ ਸਮੇਤ ਕੁਲਦੀਪ ਸਿੰਘ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ। ਜਮਹੂਰੀ ਅਧਿਕਾਰ ਸਭਾ ਨੇ ਮੰਗ ਕੀਤੀ ਹੈ ਕਿ ਅਗਵਾ ਕਾਂਡ ਵਿੱਚ ਸ਼ਾਮਲ ਗਿਰੋਹ ਦੇ ਬਾਕੀ ਦੇ ਮੈਂਬਰ ਵੀ ਗ੍ਰਿਫ਼ਤਾਰ ਕੀਤੇ ਜਾਣ,ਅਗਵਾ ਲਈ ਵਰਤੀ ਗਈ ਕਾਰ ਬਰਾਮਦ ਕੀਤੀ ਜਾਵੇ, ਲੜਕੀ ਨੂੰ ਅਗਵਾ ਕਰਨ ਪਿੱਛੋ ਪੰਜ ਦਿਨ ਜਿਸ ਥਾਂ 'ਤੇ ਰੱਖਿਆ ਗਿਆ ਉਸ ਦੀ ਸ਼ਨਾਖ਼ਤ ਲਈ ਗ੍ਰਿਫਤਾਰ ਕੀਤੇ ਦੋਸ਼ੀ ਤੋਂ ਪੁੱਛ ਗਿੱਛ ਕੀਤੀ ਜਾਵੇ ਅਤੇ ਅਗਵਾ ਨਾਲ ਜੁੜੇ ਮਕਸਦ ਨੂੰ ਨੰਗਾ ਕੀਤਾ ਜਾਵੇ।

ਸਭਾ ਨੇ ਇਹ ਵੀ ਮੰਗ ਕੀਤੀ ਗਈ ਹੈ ਕਿ ਥਾਣਾ ਨੇਹੀਆਂ ਵਾਲਾ ਦੇ ਪੁਲਸ ਅਧਿਕਾਰੀਆਂ ਦੀ ਇਸ ਕੇਸ ਵਿੱਚ ਸਾਹਮਣੇ ਆਈ ਪੱਖਪਾਤੀ ਭੂਮਿਕਾ ਦੀ ਪੜਤਾਲ ਕਰਕੇ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਜਾਵੇ। ਸਭਾ ਇਹ ਸਮਝਦੀ ਹੈ ਕਿ ਪਰਵਾਸੀ ਮਜ਼ਦੂਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਨੂੰ ਯੋਗ ਕਦਮ ਪੁੱਟਣੇ ਚਾਹੀਦੇ ਹਨ।

**ਜਾਰੀ ਕਰਤਾ– ਡਾ ਅਜੀਤਪਾਲ ਸਿੰਘ**



ਪੋਲੀਓ ਦਵਾਈ ਦੀ ਖੋਜ ਕਰਨ ਵਾਲੇ ਅਤੇ ਉਸਨੂੰ ਦੁਨੀਆ ਵਿੱਚ ਫਰੀ ਦੇਣ ਵਾਲੇ ਮਹਾਨ ਮਹਾਪੁਰਸ਼ ਜੋਨਸ ਸਲਾਕ ਦੇ ਜਨਮ ਦਿਨ ਦੀਆਂ ਸਭ ਨੂੰ ਲੱਖ ਲੱਖ ਮੁਬਾਰਕਾਂ। ਇਹ ਹੁੰਦੇ ਅਸਲੀ ਸੰਤ ਜਿਸ ਨੇ ਆਪਣਾ ਫਾਰਮੁਲਾ ਫਰੀ ਵਿੱਚ ਮਾਨਵਤਾ ਦੀ ਸੇਵਾ ਵਿੱਚ ਲਗਾਇਆ।

# ਪੰਜਾਬ 'ਚ ਝਾੜੂ ਦੇ ਤੀਲੇ 'ਕੱਠੇ ਹੋਣ ਦੇ ਆਸਾਰ ਮੱਧਮ

**ਚੰਡੀਗੜ੍ਹ–** ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਦੋਵਾਂ ਧੜਿਆਂ ਵਿਚਾਲੇ ਏਕਤਾ ਦੇ ਆਸਾਰ ਤਕਰੀਬਨ ਖ਼ਤਮ ਹੋ ਗਏ ਹਨ। ਦੋਵਾਂ ਧਿਰਾਂ ਨੇ ਵੱਖੋ ਵੱਖਰੀਆਂ ਪ੍ਰੈਸ ਕਾਨਫਰੰਸਾਂ ਕਰਕੇ ਆਪਣੇ ਇਰਾਦੇ ਜੱਗ ਜ਼ਾਹਿਰ ਕਰ ਦਿੱਤੇ।

ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਨੇ ਆਗਾਮੀ ਲੋਕ ਸਭਾ ਚੋਣਾਂ ਲਈ 5 ਉਮੀਦਵਾਰਾਂ ਦੇ ਨਾਮ ਐਲਾਨ ਕੇ ਦੋਸ਼ ਲਾਇਆ ਕਿ ਬਾਗ਼ੀ ਖਹਿਰਾ ਧੜੇ ਵੱਲੋਂ ਏਕਤਾ ਲਈ ਯਤਨਸ਼ੀਲ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਨੂੰ ਧਮਕੀਆਂ ਦਿ-ਵਾਈਆਂ ਜਾ ਰਹੀਆਂ ਹਨ। ਦੂਜੇ ਪਾਸੇ ਖਹਿਰਾ ਧੜੇ ਨੇ ਵੱਖਰੀ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਪਾਰਟੀ ਨੇ 5 ਉਮੀਦਵਾਰਾਂ ਦਾ ਐਲਾਨ ਕਰਕੇ ਏਕਤਾ ਦੇ ਯਤਨਾਂ ਦਾ ਭੋਗ ਪਾ ਦਿੱਤਾ ਹੈ।

ਅੱਜ ਪਹਿਲਾਂ ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ, ਮੁੱਖ ਤਰਜਮਾਨ ਤੇ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਅਤੇ ਕਾਨੂੰਨੀ ਵਿੰਗ ਦੇ ਮੁਖੀ ਵਕੀਲ ਜਸਤੇਜ ਸਿੰਘ ਨੇ ਪ੍ਰੈਸ ਕਾਨਫਰੰਸ ਕਰਕੇ ਲੋਕ ਸਭਾ ਚੋਣਾਂ ਲਈ ਸੰਗਰੂਰ ਤੋਂ ਮੌਜੂਦਾ ਸੰਸਦ ਮੈਂਬਰ ਭਗਵੰਤ ਮਾਨ, ਫਰੀਦਕੋਟ ਤੋਂ ਮੌਜੂਦਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਅੰਮ੍ਰਿਤਸਰ ਤੋਂ ਮਾਝਾ ਜ਼ੋਨ ਦੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ (ਜਗਦੇਵ ਕਲਾਂ), ਸ੍ਰੀ ਆਨੰਦਪੁਰ ਸਾਹਿਬ ਤੋਂ ਵਿੱਤ ਕਮੇਟੀ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਅਤੇ ਹੁਸ਼ਿਆਰਪੁਰ ਤੋਂ ਦੁਆਬਾ ਜ਼ੋਨ ਦੇ ਪ੍ਰਧਾਨ ਡਾ. ਰਵਜੋਤ ਸਿੰਘ ਨੂੰ ਉਮੀਦਵਾਰ ਐਲਾਨ ਦਿੱਤਾ।

ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਵੱਲੋਂ ਕਰਵਾਏ ਸਰਵੇ ਦੇ ਅਧਾਰ 'ਤੇ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ ਅਤੇ ਬਾਕੀ 8 ਉਮੀਦਵਾਰਾਂ ਦਾ ਐਲਾਨ ਨਵੰਬਰ ਵਿੱਚ ਕਰ ਦਿੱਤਾ ਜਾਵੇਗਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# 9 ਦਿਨਾਂ ਧਾਰਮਿਕ ਸਮਾਗਮ ਸ਼ਰਧਾ ਨਾਲ ਸੰਪੰਨ ਹੋਏ

**ਜੈਤੋ–** ਧੰਨ ਧੰਨ ਮਾਤਾ ਸਾਹਿਬ ਕੌਰ ਜੀ ਮਹਿਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਤ ਗੁਰਦੁਆਰਾ ਸੇਵੇਵਾਲਾ ਸਾਹਿਬ ਵਿਖੇ 9 ਦਿਵਸੀਆ ਧਾਰਮਿਕ ਸਮਾਗਮ ਕੱਲ੍ਹ ਬੜੀ ਸ਼ਰਧਾ ਤੇ ਜੈਕਾਰਿਆਂ ਦੀ ਗੂੰਜ ਵਿੱਚ ਸੰਪੰਨ ਹੋਏ। ਇਹ ਸਲਾਨਾ ਜੋੜ ਮੇਲਾ ਕਈ ਸਾਲਾਂ ਤੋਂ ਪਿੰਡ ਗੁਮਟੀ ਖਰਦ, ਸੇਵੇਵਾਲਾ (ਜੈਤੋ) ਵਿਖੇ ਕਰਵਾਇਆ ਜਾ ਰਿਹਾ ਹੈ। ਭਾਵ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੀ ਕੁਰਬਾਨੀ ਤੇ ਸੇਵਾ ਨੂੰ ਯਾਦ ਕਰਦਿਆਂ ਇਥੋਂ ਦੇ ਪ੍ਰਬੰਧਕਾਂ ਬਾਬਾ ਗੁਰਬਖਸ਼ ਸਿੰਘ ਅਤੇ ਬਾਬਾ ਡਾ. ਕਰਨਦੀਪ ਸਿੰਘ ਇੰਗਲੈਂਡ ਵਾਲਿਆਂ ਨੇ ਇਸ ਪ੍ਰੋਗਰਾਮ ਨੂੰ ਕਰਨ ਦਾ ਧਿਆਨ ਬਣਾਇਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਦਰਜਨਾਂ ਹੀ ਸੰਗਤਾਂ ਇੰਗਲੈਂਡ, ਅਮਰੀਕਾ ਤੇ ਹੋਰ ਥਾਵਾਂ ਤੋਂ ਪਹੁੰਚੀਆਂ। ਜਿੰਨ੍ਹਾਂ ਦੇ ਵੱਡਮੁੱਲੇ ਯੋਗਦਾਨ ਸਦਕਾ ਸਮੁੱਚੇ ਨਗਰ ਸੇਵੇਵਾਲਾ ਅਤੇ ਪੰਚਾਇਤ ਦੇ ਸਹਿਯੋਗ ਨਾਲ ਸਮਾਗਮ ਵਾਹਿਗੁਰੂ ਦੀ ਕ੍ਰਿਪਾ ਨਾਲ ਖੁਸ਼ੀਆਂ ਤੇ ਸ਼ਰਧਾ ਨਾਲ ਸੰਪੰਨ ਹੋਇਆ। ਪੰਜਾਬ ਅਤੇ ਬਾਹਰੋਂ ਮੁੰਬਈ, ਦਿੱਲੀ, ਉੜੀਸਾ, ਜੰਮੂ,ਹਰਿਆਣਾ, ਰਾਜਸਥਾਨ ਆਦਿ ਹੋਰ ਸੂਬਿਆਂ ਅਤੇ ਇੰਗਲੈਂਡ ਤੋਂ ਕਥਾ ਵਾਚਕ, ਕੀਰਤਨੀ ਜੱਥੇ, ਧਾਰਮਿਕ ਵਿਦਵਾਨ ਵੀ ਇਹਨਾਂ ਸਮਾਗਮਾਂ ਦੇ ਦਿਨਾਂ ਵਿੱਚ ਪੰਹੁਚਦੇ ਰਹੇ। ਇਲਾਕੇ ਦੇ ਸਿਆਸੀ ਲੀਡਰ, ਵਿਧਾਇਕ ਤੇ ਮੰਤਰੀ ਵੀ ਪਹੁੰਚੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੰਹੁਚੇ ਸਿੰਘ




ਸਾਹਿਬ ਰਾਮ ਸਿੰਘ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਜਥੇਦਾਰ ਬਾਬਾ ਕੁਲਵੰਤ ਸਿੰਘ ਅਤੇ ਇਹਨਾਂ ਨਾਲ ਹਜ਼ੂਰ ਸਹਿਬ ਤੋਂ ਅਖੰਡ ਜਾਪੁ ਕਰਨ ਲਈ ਆਏ 31 ਸਿੰਘਾਂ ਦਾ ਜੱਥਾ, ਰੁਹਾਨੀ ਕਥਾ ਸੂਫੀ ਸੰਤ ਗੁਲਾਮ ਹੈਦਰ ਕਾਦਰੀ, ਕੀਰਤਨੀ ਜੱਥਾ ਭਾਈ ਸਰਬਜੀਤ ਸਿੰਘ ਰੰਗੀਲਾ, ਕੀਰਤਨ ਜੱਥਾ ਨਿਹੰਗ ਬਹੁਲਿਵਲੀਨ ਸਿੰਘ ਅਮ੍ਰਿਤਸਰ, ਬੀਬੀ ਹਰਗੁਨ ਕੌਰ ਮੁੰਬਈ ਵਾਲੇ, ਬਾਬਾ ਸੁਰਜੀਤ ਸਿੰਘ ਮਹਿਰੋਂਵਾਲ ਵਾਲੇ, ਬਾਬਾ ਛੋਟਾ ਸਿੰਘ ਦਮਦਮਾ ਸਾਹਿਬ ਵਾਲੇ ਆਦਿ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮਹੰਤ ਕਾਹਨ ਸਿੰਘ ਜੀ ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ, ਬਾਬਾ ਚਰਨਵੀਰ ਸਿੰਘ ਸਪੁੱਤਰ ਜਥੇਦਾਰ ਬਾਬਾ ਅਵਤਾਰ ਸਿੰਘ ਦਲ ਬਿਧੀ ਚੰਦ ਸੁਰ ਸਿੰਘ ਵਾਲੇ, ਜਥੇਦਾਰ ਨਿਹਾਲ ਸਿੰਘ, ਬਾਬਾ ਜਸਵੰਤ ਸਿੰਘ ਗੁਰਦੁਆਰਾ ਜੋਤੀ ਸਰੂਪ ਸੰਗਰੂਰ ਵਾਲੇ, ਬਾਬਾ ਕਾਹਨ ਸਿੰਘ ਘਨੱਈਆ ਨਸਲ ਦੇ 12ਵੇਂ ਮੁਖੀ ਅਤੇ ਹੋਰ ਸੰਤ ਮਹਾਂਪੁਰਸ਼ ਇਹਨਾਂ ਸਮਾਗਮਾਂ ਦੌਰਾਨ ਪਹੁੰਚੇ। ਇਹਨਾਂ ਸਮਾਗਮਾਂ ਦੌਰਾਨ ਖੇਡਾਂ, ਗੱਤਕਾ, ਕੁਸ਼ਤੀਆਂ, ਕਬੱਡੀ, ਬਚਿਆਂ ਦੇ ਸ਼ਬਦ ਗਾਇਨ ਮੁਕਾਬਲੇ, ਬਾਜੀਗਰਾਂ ਦੇ ਕਰਤੱਵ, ਅਪਾਹਜ ਖਿਡਾਰੀਆਂ ਦੇ ਕਰੱਤਵ, ਦਸ਼ਮੇਸ਼ ਕਵੀ ਦਬਬਾਰ, ਪ੍ਰਭਾਤ ਫੇਰੀ, ਅਮ੍ਰਿਤ ਸੰਚਾਰ, ਕੈਂਸਰ ਰੋਕੋ ਮੈਡੀਕਲ ਕੈਂਪ ਆਦਿ ਦਾ ਆਯੋਜਨ ਕੀਤਾ ਗਿਆ। ਇਹਨਾਂ ਪ੍ਰੋਗਰਾਮਾਂ ਦੌਰਾਨ ਇਲਾਕੇ ਦੀਆਂ ਤਿੰਨ ਹੋਣਹਾਰ ਲੜਕੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਹਨਾਂ ਸਮਾਗਮਾਂ ਮੌਕੇ ਕਈ ਸਰਕਾਰੀ ਅਧਿਕਾਰੀਆਂ, ਵੱਡੀ ਗਿਣਤੀ ਵਿੱਚ ਸੰਗਤਾਂ ਨੇ ਆਪਣੀ ਹਾਜਰੀ ਲਵਾਈ।

# ਬਸਪਾ ਵੱਲੋਂ ਕੁਲਵੰਤ ਸਿੰਘ ਟਿੱਬਾ ਨੂੰ ਮਹਿਲ ਕਲਾਂ ਦਾ ਹਲਕਾ ਇੰਚਾਰਜ ਲਗਾਇਆ

**ਸ਼ੇਰਪੁਰ–** ਬਹੁਜਨ ਸਮਾਜ ਪਾਰਟੀ ਦੀ ਅਹਿਮ ਮੀਟਿੰਗ ਪਿੰਡ ਟਿੱਬਾ ਵਿਖੇ ਕੀਤੀ ਗਈ, ਜਿਸ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਡਾ. ਮੱਖਣ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਬਸਪਾ ਹਾਈਕਮਾਂਡ ਦੀਆਂ ਹਦਾਇਤਾਂ ਅਨੁਸਾਰ ਨੌਜਵਾਨ ਆਗੂ ਕੁਲਵੰਤ ਸਿੰਘ ਟਿੱਬਾ ਨੂੰ ਮਹਿਲ ਕਲਾਂ ਦਾ ਹਲਕਾ ਇੰਚਾਰਜ ਅਤੇ ਗੁਰਜੀਤ ਸਿੰਘ ਮਹਿਮਦਪੁਰ ਨੂੰ ਸਕੱਤਰ ਨਿਯੁਕਤ ਕੀਤਾ ਗਿਆ।



ਬਸਪਾ ਦੇ ਸੂਬਾਈ ਆਗੂ ਡਾ. ਮੱਖਣ ਸਿੰਘ ਨੇ ਸੰਬੋਧਨ ਦੌਰਾਨ ਪੰਜਾਬ ਸਰਕਾਰ 'ਤੇ ਦਲਿਤ ਵਿਰੋਧੀ ਹੋਣ ਦਾ ਦੋਸ ਲਗਾਉਂਦਿਆਂ ਕਿਹਾ ਕਿ ਦਲਿਤ ਵਿਦਿਆਰਥੀਆਂ ਦੇ ਵਜ਼ੀਫ਼ੇ ਵਜੋਂ ਕੇਂਦਰ ਸਰਕਾਰ ਵੱਲੋਂ ਚਾਰ ਮਹੀਨੇ ਪਹਿਲਾਂ ਜਾਰੀ ਕੀਤੇ ਕਰੋੜ ਰੁਪੈ ਦੀ ਗਰਾਂਟ ਨਹੀਂ ਵੰਡੀ, ਜਿਸ ਦੇ ਸਿੱਟੇ ਵਜੋਂ ਇੱਕ ਲੱਖ ਦੇ ਕਰੀਬ ਦਲਿਤ ਵਿਦਿਆਰਥੀਆਂ ਦੀ ਉਚੇਰੀ ਪੜਾਈ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਬਸਪਾ ਦਲਿਤਾਂ, ਪਛੜੇ ਵਰਗਾਂ ਅਤੇ ਘੱਟ ਗਿਣਤੀਆਂ ਦੇ ਸੰਵਿਧਾਨਿਕ ਹੱਕਾਂ ਲਈ ਲੜਾਈ ਜਾਰੀ ਰੱਖੇਗੀ। ਡਾ. ਮੱਖਣ ਸਿੰਘ ਨੇ ਅਪੀਲ ਕੀਤੀ ਕਿ ਆਗਾਮੀ ਲੋਕ ਸਭਾ ਚੋਣਾਂ ਵਿੱਚ ਕੇਂਦਰ ਵਿੱਚ ਭੈਣ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਨੀਲੇ ਝੰਡੇ ਹੇਠ ਲਾਮਬੰਦ ਹੋਣ। ਬਸਪਾ ਦੇ ਨਵਨਿਯੁਕਤ ਹਲਕਾ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਬਸਪਾ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਹਲਕਾ ਮਹਿਲ ਕਲਾਂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਰਨਾਲਾ ਡਾ. ਸਰਬਜੀਤ ਸਿੰਘ ਖੇੜੀ, ਜ਼ਿਲ੍ਹਾ ਪ੍ਰਧਾਨ ਸੰਗਰੂਰ ਪਵਿੱਤਰ ਸਿੰਘ,ਜ਼ਿਲ੍ਹਾ ਇੰਚਾਰਜ ਮੁਕੰਦ ਸਿੰਘ ਬਦੇਸਾ, ਜ਼ਿਲ੍ਹਾ ਖ਼ਜ਼ਾਨਚੀ ਨਿਰਮਲ ਸਿੰਘ, ਹਲਕਾ ਪ੍ਰਧਾਨ ਡਾ. ਸੋਮਾ ਸਿੰਘ ਗੰਡੇਵਾਲ, ਜਨਰਲ ਸਕੱਤਰ ਏਕਮ ਸਿੰਘ ਛੀਨੀਵਾਲ, ਜੋਗਿੰਦਰ ਸਿੰਘ ਸਾਬਕਾ ਸਰਪੰਚ ਅਲੀਪੁਰ ਖ਼ਾਲਸਾ, ਚਮਕੌਰ ਸਿੰਘ ਟਿੱਬਾ, ਅਮਰਜੀਤ ਸਿੰਘ ਬਦੇਸਾ, ਰਾਜ ਸਿੰਘ ਛੀਨੀਵਾਲ ਖ਼ੁਰਦ, ਸੁਰਜੀਤ ਸਿੰਘ ਪੰਜਗਰਾਈਆਂ ਆਦਿ ਆਗੂ ਵੀ ਹਾਜ਼ਰ ਸਨ।

# ਗਲਾਸਗੋ ਦਾ ਸਾਲਾਨਾ ਸਾਹਿਤਕ ਕਵੀ ਦਰਬਾਰ ਯਾਦਗਾਰੀ ਹੋ ਨਿੱਬੜਿਆ

## ਅਮਨਦੀਪ ਸਿੰਘ ਅਮਨ ਦਾ ਗ਼ਜ਼ਲ ਸੰਗ੍ਰਹਿ "ਪੌਣ ਦਾ ਸਿਮਰਨ" ਲੋਕ ਅਰਪਣ

**ਲੰਡਨ (ਮਨਦੀਪ ਖੁਰਮੀ)–** ਸਕਾਟਲੈਂਡ ਵਿੱਚ ਉਂਗਲਾਂ ਦੇ ਪੋਟਿਆਂ 'ਤੇ ਗਿਣੀ ਜਾਣ ਵਾਲੀ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਸਥਾਨਕ ਟਰਿਨਟੀ ਹਾਲ ਵਿੱਚ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ। ਸ੍ਰੋਤਿਆਂ ਦੇ ਭਰਵੇਂ ਇਕੱਠ ਅੱਗੇ ਸਥਾਨਕ ਕਵੀਆ ਸਲੀਮ ਰਜਾ, ਇਮਤਿਆਜ਼ ਅਲੀ ਗੌਹਰ,



ਸੁਖਰਾਜ ਢਿੱਲੋ, ਦਿਲਜੀਤ ਦਿਲਬਰ, ਗਾਇਕ ਸੁੱਖੀ ਦੁਸਾਂਝ, ਹਰਜੀਤ ਦੁਸਾਝ ਅਤੇ ਅਮਨਦੀਪ ਅਮਨ ਨੇ ਆਪਣੀਆਂ ਨਜ਼ਮਾਂ ਪੇਸ਼ ਕੀਤੀਆਂ। ਇੰਗਲੈਡ ਤੋਂ ਵਿਸ਼ੇਸ਼ ਸੱਦੇ 'ਤੇ ਪਹੁੰਚੇ ਸ਼ਾਇਰਾਂ ਵਿੱਚ ਰਾਜਿੰਦਰ ਕੌਰ, ਉਂਕਾਰ ਸਿੰਘ, ਭੁਪਿੰਦਰ ਸਿੰਘ ਸੱਗੂ ਤੇ ਉੱਘੇ ਸ਼ਾਇਰ ਰਜਿੰਦਰਜੀਤ ਨੇ ਆਪਣੀਆਂ ਰਚਨਾਵਾਂ ਪੇਸ਼ ਸ੍ਰੋਤਿਆਂ ਦੀ ਵਾਹ ਵਾਹ ਖੱਟੀ। ਇਸ ਮੌਕੇ 'ਤੇ ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਅਮਨਦੀਪ ਸਿੰਘ ਅਮਨ ਦੀ ਗ਼ਜ਼ਲਾਂ ਦੀ ਪੁਸਤਕ "ਪੌਣ ਦਾ ਸਿਮਰਨ" ਲੋਕ ਅਰਪਣ ਕੀਤੀ ਗਈ। ਮੰਚ ਸੰਚਾਲਕ ਦੇ ਫ਼ਰਜ਼ ਦਲਜੀਤ ਸਿੰਘ ਦਿਲਬਰ ਨੇ ਬਾਖ਼ੂਬੀ ਅਦਾ ਕੀਤੇ। ਸਭਾ ਦੇ ਪ੍ਰਧਾਨ ਦਿਲਾਵਰ ਸਿੰਘ ਬੜਿੰਗ ਨੇ ਆਏ ਹੋਏ ਕਵੀਆ ਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA

We Provide All Autos, Trucks & Trailers Repair



Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# Antioch City Council Member Tony Tiscarenoand Wolfgang Croskey, former Planning Commissioner visited Sri Guru Ravidass Temple Pittsburg




















**Pittsburg-** Antioch City Council Member Tony Tiscareno came to Sri Guru Ravidass Temple on last Sunday. He is running for the City Council Membership again in this election. He promised his support to the Sri Guru Ravidass community in Antioch. He is well respected Realtor in this area. This was his first visit to the Sri Guru Ravidass Temple Pittsburg (California). He was very impressed with the renovations. Ramesh Suman is hosting Meet & Greet event on Thursday at 6:00 PM at Hillcrest Restaurant in Antioch. Wolfgang Croskey, former Planning Commissioner is a candidate for the Pittsburg City Council. He came to Sri Guru Ravidass Temple last Sunday again. He talked to local members and asked for support in this election. Wolfgang runs a successful business in Pittsburg. He is very familiar with the Sri Guru RavidassGurughar building and future projects. He will be helpful to the community. We wish both these candidates all the best in the coming election

# SRI GURU RAVIDASS SABHA (CA)

## 2150 CRESTVIEW DRIVE, Pittsburg CA 94565 Tel: (925) 439-2355

## Programs at Sri Guru Ravidass Temple Pittsburg in November 2018

On last Sunday, October 28, 2018, Rattu family celebrated Neha Rattu's 5th birthday. She is the daughter of Harjit Singh Rattu and SarojRattu and Granddaughter of Bhai Harbans Singh Rattu and Bibi Gyan Kaur Rattu. Family hosted the Sukhmani Sahib path and the Langar Sewa. This function was very well attended by the family and the Sangat. May Waheguru bless Neha Rattu with happy, healthy and long life.

**November 4, 2018 Sukhmani Sahib Path and Langar Sewa by Bhai Malkit Singh Damria and Bibi Sarbrinder Damria**

Sri Sukhmani Sahib Path and Langar Sewa will be hosted by Bhai Malkit Singh Damria and Bibi Sarbrinder Kaur for Sukh Shanti and Chardi Kala of their Family. May Waheguru keep family in ChardiKala.

**November 7, 2018 (Wednesday) - Diwali Celebrations**

Diwali will be celebrated in Gurughar on Wednesday. Sukhmani Sahib Path and Langar Sewa will be hosted by Bhai Ramesh Suman and Bibi Gyan Suman at 6:00 PM. After, Sukhmani Sahib Path and Kirtan; Parsad, sweets and GURU KA LANGAR will be served. Please bring a candle to light that day.

**November 11, 2018 Sukhmani Sahib Path and Langar Sewa by Bhai Lashkari Ram Suman and Bibi Piari Suman**

Sri Sukhmani Sahib Path and Langar Sewa will be hosted by Bhai Lashkari Ram Suman and Bibi Piari Devi for the Barsi of Father late Chanu Ram Suman. May Waheguru keep family in ChardiKala.

**November 18, 2018 Sukhmani Sahib Path and Langar Sewa by Bhai Bachan Lal and Pinki Rai**

Sri Sukhmani Sahib Path and Langar Sewa will be hosted by Bhai Bachan Lal, Bibi Pinki Rai for the 1st Birthday of their Daughter Prisha Rajput and for good health of Son Kevin Rajput. May Waheguru keep family in Chardikala.

**Satguru Nanak Pargateya - Miti Dund Jag Chanan Hoya**

Sri Guru Nanak Dev Ji's "Parkash Utsav" is celebrated at our Gurughar on November 25, 2018. Akhand path will start on Friday 11/23/2018, at 10:00 AM and will be concluded with Bhog ceremony on Sunday morning 11/25/2018. Path and Langar Sewa will be hosted by Bhai Varinder Kumar Sudhir. Giani Jathas and Kirtankars will adorn the occasion with his gifted talents in Shabad Kirtan.


Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of GURU GRANTH SAHIB, are an embodiment of truthfulness and godliness which illuminated the millions of ignorant souls. HIS simple message of "UNIVERSAL BROTHERHOOD" EQUALITY and Love of Mankind formed the basic principles of Sikh Religion. The best tribute we can pay to Guru Nanak Dev Ji is to adopt his noble teachings as a way of our lives. The entire Sangat is humbly requested to participate in this "Gurupurb" and do the SEWA with TAN, MAN and DHAN.

**Sangat Sewadars**

| Chairman | President | General Secretary | Treasurer |
|---|---|---|---|
| Ramesh Suman | Kashmiri Bhatia | Dilbag Singh | Vinod Kumar |
| 925-366-3618 | 408-460-0262 | 209-834-4641 | 408-718-2506 |







ਸੰਤ ਜਰਨੈਲ ਸਿੰਘ ਭਿੰਡਰਾਂਵਾਲੇ






ਜਨਰਲ ਸੁਬੇਗ ਸਿੰਘ

## ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ





ਹਰਦਿਆਲ ਸਿੰਘ ਥਿਆੜਾ





# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ



















ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ



ਨਿਸ਼ਾਨ ਸਾਹਿਬ ਚੜਾਉਣ ਸਮੇਂ



ਨਿਸ਼ਾਨ ਸਾਹਿਬ ਚੜਾਉਣ ਸਮੇਂ





ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





























ਸੰਜੀਵ ਹੰਸ, ਪ੍ਰਸ਼ੋਤਮ ਸੂਦ ਅਤੇ ਜੀਵਨ ਸੂਦ ਪਰਿਵਾਰਾਂ ਵੱਲੋਂ ਭਗਵਾਨ ਵਾਲਮੀਕ ਜੀ ਮਹਾਰਾਜ ਦੇ ਪ੍ਰਗਟ ਦਿਵਸ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ

# ਯੂਬਾ ਸਿਟੀ ਦਾ 39ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

4 ਨਵੰਬਰ 2018 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।






## ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਅਹੁਦੇਦਾਰ ਅਤੇ ਮੈਂਬਰ

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.

# MAHA RISHI VALMIK SABHA USA

Address : 84/86 Percy Ave., Yuba City, CA 95991. Phone 530-777-9385




## ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ


# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਉਪਲਬੱਧ ਹਨ




Baksho Kaur Bisla Hardev Singh Bisla

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ ਅਤੇ ਤਾਜ਼ੀਆਂ ਸਬਜ਼ੀਆਂ
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**500 N. Palora Ave.
Yuba City, CA 95991**

**530-671-0439, Fax 530-822-0439
Cell- 530-844-3250**



### Loose Fabrics, Groceries, Blankets, Vegetables

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $42:99+Tax

ਫੋਲਡਿੰਗ ਬੈਡ ਦੀਆਂ ਚਾਰ ਕੁਆਲਟੀ ਦੀਆਂ ਵਰਾਇਟੀਆਂ ਉਪਲਬੱਧ ਹਨ



ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ










ਦਿਲਬਾਗ ਸਿੰਘ ਸੰਧਰ, ਬਲਜਿੰਦਰ ਸਿੰਘ ਲਾਲੀ, ਸੁੱਖਾ ਸਿੰਘ ਬੈਂਸ, ਬਲਵੀਰ ਸਿੰਘ ਬੈਂਸ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਕਮਲਦੀਪ ਸਿੰਘ ਬਾਜਵਾ ਅਤੇ ਇੰਦਰਪਾਲ ਸਿੰਘ ਕਾਲਕਟ





ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ

# A & S

## Auto Repair & Services

**Specializing in Brakes & Axles**

ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ

ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service




Ph: 916-238-4431
649 W. Elkhorn Blvd. Suite B2
Rio Linda, CA 95673

9:00 AM to 6:00 PM Mon-Sat



Amarjit Sandhu

# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 22 ਅਕਤੂਬਰ ਨੂੰ



ਭਗਵਾਨ ਵਾਲਮੀਕ



ਭਗਵਾਨ ਵਾਲਮੀਕ ਤੀਰਥ ਅਸਥਾਨ ਅੰਮ੍ਰਿਤਸਰ (ਪੰਜਾਬ)

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ।

ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## November 18, 2018
## Time: 9:00AM to 5:00PM

**Dan Foley Cultural Center, 1499 N. Camino Alto, Vallejo, CA-94590 Phone: (707) 648-4630**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Sodhi Nahar (707) 704-5216
Gurpal Singh (916) 873-0311
Shiv Sidhu (707) 656-1205
Bhupinder Bhinda (916) 613-3311
Dr. Gurjit Singh (925) 321-0117
Balbir Thapar (916) 607-4650

**ਜਾਰੀ ਕਰਤਾ**

## ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ

# ਫਿਰ ਉਹੀ ਗੱਲਾਂ, ਫਿਰ ਉਹੀ ਨਾਹਰੇ

**ਸਕ੍ਰਿਪਟ ਦੇ ਕਾਪੀ ਰਾਈਟ ਅਤੇ ਨਾਹਰੇ ਪੱਟੇ ਤੇ ਮਿਲਦੇ ਹਨ ਅਤੇ ਜੇਕਰ ਇਸਨੂੰ ਸਟਾਰਟ-ਅੱਪ ਦੇ ਰੂਪ ਵਿੱਚ ਬਦਲ ਲਿਆ ਜਾਵੇ ਤਾਂ ਇਹ ਇੱਕ ਨਵਾਂ ਵਪਾਰ ਜਾਂ ਕਿੱਤਾ ਹੋ ਸਕਦਾ ਹੈ। ਵਿਰੋਧੀ ਪਾਰਟੀਆਂ ਅਤੇ ਉਹਨਾ ਦੇ ਨੇਤਾ ਅਕਸਰ ਹਾਕਮ ਜਮਾਤ ਉਤੇ ਉਹ ਕੰਮ ਨਾ ਕਰਨ ਦਾ ਦੋਸ਼ ਲਗਾਉਂਦੇ ਹਨ, ਜੋ ਸੱਤਾ ਵਿੱਚ ਰਹਿੰਦੇ ਹੋਏ ਉਹਨਾ ਨੇ ਖੁਦ ਵੀ ਨਹੀਂ ਕੀਤੇ ਸਨ। ਇਹ ਸਧਾਰਨ ਤੌਰ ਤੇ ਸਿਆਸੀ ਸਿਰਜਤਾਮਿਕਤਾ ਨੂੰ ਘੱਟ ਕਰ ਦਿੰਦਾ ਹੈ। ਰਾਜਨੀਤਕ ਦਲਾਂ ਦਾ ਰੁਖ ਸਥਾਈ ਰੂਪ 'ਚ ਇਸ ਉਤੇ ਨਿਰਭਰ ਕਰਦਾ ਹੈ ਕਿ ਉਹ ਕਿਥੇ ਹਨ, ਸੱਤਾ ਵਿੱਚ ਜਾਂ ਵਿਰੋਧ ਵਿੱਚ। ਵਿਸ਼ਵ ਪੱਧਰ ਉਤੇ ਅਟੌਨਮੀ ਮੁੱਦਾ ਉਸਦੀ ਸਥਿਤੀ ਉਤੇ ਨਿਰਭਰ ਕਰਦਾ ਹੈ, ਜੋ ਰਾਜਨੀਤਕ ਉਦੇਸ਼ ਦੇ ਅਨੁਸਾਰ ਹੁੰਦਾ ਹੈ। ਭਾਰਤ ਦੇ ਸੰਸਥਾਨਾਂ ਵਿੱਚ ਅਟੌਨਮੀ, ਵਿਅਕਤੀਗਤ ਰੂਪ ਵਿੱਚ ਹਾਸਲ ਕੀਤੀ ਜਾਂਦੀ ਰਹੀ ਹੈ, ਇਸਦਾ ਸਭ ਤੋਂ ਸਪਸ਼ਟ ਪ੍ਰਦਰਸ਼ਨ ਮੁੱਖ ਚੋਣ ਕਮਿਸ਼ਨ ਰਹਿੰਦੇ ਹੋਏ ਟੀ.ਐਨ. ਸੈਸ਼ਨ ਨੇ ਕੀਤਾ ਸੀ।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਲੇਖਕ:- ਸ਼ੰਕਰ ਆਇਅਰ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਪਲੈਟੋ ਨੇ ਕਿਹਾ ਹੈ ਕਿ ਸ਼ਬਦ ਅਡੰਬਰ ਲੋਕਾਂ ਦੇ ਮਨਾਂ ਉਤੇ ਰਾਜ ਕਰਨ ਦੀ ਕਲਾ ਹੈ। ਆਧੁਨਿਕ ਲੋਕਤੰਤਰ ਵਿੱਚ ਰਾਜਨੀਤਕ ਭਾਸ਼ਨਬਾਜ਼ੀ ਲੋਕਾਂ ਦਾ ਧਿਆਨ ਖਿੱਚਣ ਲਈ ਇਸ਼ਾਰਿਆਂ ਨੂੰ ਦੋਸ਼ਾਂ ਦੇ ਰੂਪ ਵਿੱਚ ਹਥਿਆਰਬੰਦ ਕਰਨ ਦਾ ਸੰਦ ਹੈ। ਧਾਰਨਾ ਨੂੰ ਹੀ ਸਬੂਤ ਬਣਾ ਦੇਣ ਦੀ ਪ੍ਰਵਿਰਤੀ ਇਤਿਹਾਸ ਦੇ ਵਿਸ਼ਲੇਸ਼ਣ ਜਾਂ ਉਸਦੀ ਸਮੀਖਿਆ ਨੂੰ ਰੋਕਦੀ ਹੈ। ਚੋਣ ਪ੍ਰਸੰਗਿਕਤਾ ਅਸਲ ਸਵਾਲਾਂ ਦੇ ਜਵਾਬ ਜਾਂ ਸਮੱਸਿਆਵਾਂ ਦੇ ਸਮਾਧਾਨ ਦੀ ਮੰਗ ਨਾਲ ਜੁੜੀ ਹੋਈ ਹੈ, ਪਰੰਤੂ ਸ਼ਬਦ ਅੰਡਬਰ ਨਾਲ ਇਹੋ ਜਿਹਾ ਲੱਗਦਾ ਹੈ ਕਿ ਜਿਵੇਂ ਇਹ ਪੀੜਿਤਾਂ ਅਤੇ ਖਲਨਾਇਕਾ ਦੀ ਕਥਾ-ਕਹਾਣੀ ਹੋਵੇ।

ਸਕ੍ਰਿਪਟ ਦੇ ਕਾਪੀ ਰਾਈਟ ਅਤੇ ਨਾਹਰੇ ਪੱਟੇ ਤੇ ਮਿਲਦੇ ਹਨ ਅਤੇ ਜੇਕਰ ਇਸਨੂੰ ਸਟਾਰਟ-ਅੱਪ ਦੇ ਰੂਪ ਵਿੱਚ ਬਦਲ ਲਿਆ ਜਾਵੇ ਤਾਂ ਇਹ ਇੱਕ ਨਵਾਂ ਵਪਾਰ ਜਾਂ ਕਿੱਤਾ ਹੋ ਸਕਦਾ ਹੈ। ਵਿਰੋਧੀ ਪਾਰਟੀਆਂ ਅਤੇ ਉਹਨਾ ਦੇ ਨੇਤਾ ਅਕਸਰ ਹਾਕਮ ਜਮਾਤ ਉਤੇ ਉਹ ਕੰਮ ਨਾ ਕਰਨ ਦਾ ਦੋਸ਼ ਲਗਾਉਂਦੇ ਹਨ, ਜੋ ਸੱਤਾ ਵਿੱਚ ਰਹਿੰਦੇ ਹੋਏ ਉਹਨਾ ਨੇ ਖੁਦ ਵੀ ਨਹੀਂ ਕੀਤੇ ਸਨ। ਇਹ ਸਧਾਰਨ ਤੌਰ ਤੇ ਸਿਆਸੀ ਸਿਰਜਤਾਮਿਕਤਾ ਨੂੰ ਘੱਟ ਕਰ ਦਿੰਦਾ ਹੈ। ਰਾਜਨੀਤਕ ਦਲਾਂ ਦਾ ਰੁਖ ਸਥਾਈ ਰੂਪ 'ਚ ਇਸ ਉਤੇ ਨਿਰਭਰ ਕਰਦਾ ਹੈ ਕਿ ਉਹ ਕਿਥੇ ਹਨ, ਸੱਤਾ ਵਿੱਚ ਜਾਂ ਵਿਰੋਧ ਵਿੱਚ। ਵਿਸ਼ਵ ਪੱਧਰ ਉਤੇ ਅਟੌਨਮੀ ਮੁੱਦਾ ਉਸਦੀ ਸਥਿਤੀ ਉਤੇ ਨਿਰਭਰ ਕਰਦਾ ਹੈ, ਜੋ ਰਾਜਨੀਤਕ ਉਦੇਸ਼ ਦੇ ਅਨੁਸਾਰ ਹੁੰਦਾ ਹੈ। ਭਾਰਤ ਦੇ ਸੰਸਥਾਨਾਂ ਵਿੱਚ ਅਟੌਨਮੀ, ਵਿਅਕਤੀਗਤ ਰੂਪ ਵਿੱਚ ਹਾਸਲ ਕੀਤੀ ਜਾਂਦੀ ਰਹੀ ਹੈ, ਇਸਦਾ ਸਭ ਤੋਂ ਸਪਸ਼ਟ ਪ੍ਰਦਰਸ਼ਨ ਮੁੱਖ ਚੋਣ ਕਮਿਸ਼ਨ ਰਹਿੰਦੇ ਹੋਏ ਟੀ.ਐਨ. ਸੈਸ਼ਨ ਨੇ ਕੀਤਾ ਸੀ।

ਸੀ.ਬੀ.ਆਈ. ਇਹਨਾਂ ਦਿਨਾਂ 'ਚ ਸੁਰਖੀਆਂ 'ਚ ਹੈ। ਉਸਦੀ ਅਟੌਨਮੀ ਦਾ ਮਿਥਕ ਬੋਫਰਜ਼ ਅਤੇ ਉਸਦੇ ਪਹਿਲਾਂ ਤੋਂ ਵੀ ਹੈ। ਜੈਨ ਹਵਾਲਾ ਮਾਮਲੇ ਵਿੱਚ ਪਹਿਲੀ ਵੇਰ ਉਸਦਾ ਖੁਲਾਸਾ ਹੋਇਆ ਸੀ ਅਤੇ ਜੋ ਅਦਾਲਤ ਦੀ ਨਿਗਰਾਨੀ ਵਿੱਚ ਜਾਂਚ ਦੀ ਜ਼ਰੂਰਤ ਤੋਂ ਸਪਸ਼ਟ ਸੀ। ਸੀ.ਬੀ.ਆਈ. ਦੀ ਅਟੌਨਮੀ ਦੀ ਖੋਜ਼ ਵਿਰੋਧੀ ਧਿਰ 'ਚ ਰਹਿਣ ਵਾਲੇ ਲੋਕਾਂ ਨੂੰ ਲਗਾਤਾਰ ਰਹੀ ਹੈ- ਯੂਪੀਏ ਸਰਕਾਰ ਦੇ ਦੌਰ ਵਿੱਚ ਅਰਜਨ ਮੇਘਵਾਲ ਜਿਹੇ ਭਾਜਪਾ ਨੇਤਾ ਇਸਦੀ ਖੋਜ਼ ਕਰਦੇ ਸਨ ਅਤੇ ਹੁਣ ਬੀਜਦ ਦੇ "ਮਹਿਤਾਬ" ਇਸਦੀ ਤਲਾਸ਼ ਕਰ ਰਹੇ ਹਨ।

ਇਹਨਾ ਸਾਲਾਂ ਵਿੱਚ ਸੀ.ਬੀ.ਆਈ. ਨੇ ਕਈ ਨਾਮ ਹਾਸਲ ਕੀਤੇ ਹਨ- ਜਿਹਨਾ ਵਿੱਚ ਸਭ ਤੋਂ ਹੁਣੇ ਜਿਹੇ ਪ੍ਰਾਪਤ ਕੀਤਾ ਨਾਮ "ਪਿੰਜਰੇ ਦਾ ਤੋਤਾ" ਹੈ। 2012 ਵਿੱਚ ਲਾਲਕ੍ਰਿਸ਼ਨ ਅਡਵਾਨੀ ਨੇ ਸੀ.ਬੀ.ਆਈ. ਨੂੰ ਯੂਪੀਏ ਦਾ ਸਭ ਤੋਂ ਭਰੋਸੇਮੰਦ ਗਠਬੰਧਨ ਸਾਥੀ ਦੱਸਿਆ ਸੀ। ਅਕਤੂਬਰ 2013 ਵਿੱਚ ਅਰੁਣ ਜੇਤਲੀ (ਜੋ ਉਸ ਵੇਲੇ ਵਿਰੋਧੀ ਧਿਰ ਦੇ ਨੇਤਾ ਸਨ) ਨੇ ਮੌਕੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਖਤ ਲਿਖਕੇ ਮੰਗ ਕੀਤੀ ਸੀ ਕਿ ਸੀ.ਬੀ.ਆਈ. ਦੀ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਮਈ 2014 ਦੇ ਬਾਅਦ ਕਾਂਗਰਸ ਨੇ ਵੱਖੋ-ਵੱਖਰੇ ਸਮੇਂ ਤੇ ਮੋਦੀ ਸਰਕਾਰ ਉਤੇ ਸਿਆਸੀ ਲਾਭ ਲੈਣ ਅਤੇ ਭਾਜਪਾ ਦੇ ਅਜੰਡੇ ਦੇ ਵਿਰੋਧੀਆਂ ਉਤੇ ਨਿਸ਼ਾਨਾ ਸਾਧਣ ਦੇ ਲਈ ਸੀ.ਬੀ.ਆਈ. ਦੀ ਦੁਰਵਰਤੋਂ ਦਾ ਦੋਸ਼ ਲਗਾਇਆ ਹੈ। ਹਾਲ ਹੀ ਵਿੱਚ ਮਨਮੋਹਨ ਸਿੰਘ ਨੇ ਦੋਸ਼ ਲਗਾਇਆ ਕਿ ਸੀ.ਬੀ.ਆਈ. ਜਿਹੇ ਰਾਸ਼ਟਰ ਸੰਸਥਾਨਾਂ ਵਿੱਚ ਮਾਹੌਲ ਖਰਾਬ ਹੋ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਟੌਨਮੀ ਦੀ ਮੌਸਮੀ ਤਲਾਸ਼ ਅਤੇ ਆਜ਼ਾਦੀ ਦਾ ਸਵਾਲ ਭਵਿੱਖ ਵਿੱਚ ਵੀ ਬਣੇ ਰਹਿਣਗੇ ਅਤੇ ਹਾਕਮ ਧਿਰ ਨੂੰ ਕਿਸੇ ਤਰ੍ਹਾਂ ਦਾ ਭਰਮ ਨਹੀਂ ਪਾਲਣਾ ਚਾਹੀਦਾ ਕਿ ਇਸ ਮਾਮਲੇ ਵਿੱਚ ਵਿਰੋਧੀ ਧਿਰ ਵਿੱਚ ਉਸਨੂੰ ਕੋਈ ਰਾਹਤ ਮਿਲੇਗੀ। ਨਤੀਜਾ ਇਹ ਹੈ ਕਿ ਪ੍ਰਮੁੱਖ ਜਾਂਚ ਏਜੰਸੀ ਸ਼ੱਕ ਅਤੇ ਅਲੋਚਨਾ ਵਿੱਚ ਫਸੀ ਹੋਈ ਹੈ। ਦਿਲੀ ਦੇ ਲਗਾਤਾਰ 1500 ਕਿਲੋਮੀਟਰ ਦੱਖਣ-ਪੱਛਮ ਵਿੱਚ ਭਾਰਤੀ ਰਿਜ਼ਰਵ ਬੈਂਕ ਮੁੰਬਈ ਵਿੱਚ ਵਿਦਰੋਹ ਦੀ ਗੂੰਜ ਤੇਜ਼ੀ ਨਾਲ ਵੱਧ ਰਹੀ ਹੈ। ਇਹ ਸਹੀ ਹੈ ਕਿ ਨੋਟਬੰਦੀ ਦੇ ਬਾਅਦ ਇਕ ਗਲਤਫਹਿਮੀ ਪੈਦਾ ਹੋਈ, ਜੋ ਉਦੋਂ ਹੋਰ ਵਧੀ, ਜਦੋਂ ਰਿਜ਼ਰਵ ਬੈਂਕ ਨੇ ਆਪਣੇ ਖਜ਼ਾਨੇ ਵਿੱਚ ਵਾਪਿਸ ਆਈ ਨਕਦੀ ਦੇ ਅੰਕੜਿਆਂ ਦਾ ਖੁਲਾਸਾ ਕੀਤਾ। ਵਿੱਤ ਮੰਤਰੀ ਅਤੇ ਰਿਜ਼ਰਵ ਬੈਂਕ ਦੇ ਗਵਰਨਰ ਨੂੰ ਲੈ ਕੇ ਝਗੜਾ ਵਧਿਆ ਕਿਉਂਕਿ ਬੈਡ ਲੋਨ(ਮਰਿਆ ਕਰਜ਼ਾ) 10 ਲੱਖ ਕਰੋੜ ਪੁੱਜ ਗਿਆ ਹੈ। ਮੁੱਖ ਗੱਲ ਇਹ ਹੈ ਕਿ ਚੋਣਾਂ ਦੇ ਮੌਸਮ ਵਿੱਚ ਵਿੱਤੀ ਸੁਧਾਰ ਸਮੇਤ ਸਰਵਜਨਕ ਬੈਂਕਾਂ ਨੂੰ ਤਤਕਾਲ ਸੁਧਾਰਆਤਮਕ ਕਾਰਵਾਈ ਕਰਨ ਦੀ ਲੋੜ ਹੈ। ਪਿਛਲੇ ਦਿਨੀਂ ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਵਿਰਲ ਅਚਾਰੀਆ ਨੇ ਬੈਂਕ ਦੀ ਅਟੌਨਮੀ ਦਾ ਝੰਡਾ ਬੁਲੰਦ ਕੀਤਾ। 55 ਸ਼ਬਦਾਂ ਦੇ ਧਾਰਾ ਪ੍ਰਵਾਹ ਅਤੇ ਅਕਾਦਮਿਕ ਸ਼ਬਦਾਂ ਵਿੱਚ ਆਚਾਰੀਆ ਨੇ ਚੇਤਾਵਨੀ ਦਿੱਤੀ ਕਿ " ਜੋ ਸਰਕਾਰਾਂ ਕੇਂਦਰੀ ਬੈਂਕ ਦੀ ਆਜ਼ਾਦੀ ਦਾ ਸਨਮਾਨ ਨਹੀਂ ਕਰ ਸਕਦੀਆਂ, ਉਹ ਦੇਰ-ਸਵੇਰ ਬਾਜ਼ਾਰਾਂ ਦੇ ਗੁੱਸੇ ਨੂੰ ਜਨਮ ਦਿੰਦੀਆਂ ਹਨ"।

ਰਿਜ਼ਰਵ ਬੈਂਕ ਦੇ ਗਵਰਨਰ ਇਤਹਾਸਿਕ ਰੂਪ ਵਿੱਚ ਸਿਆਸੀ ਦਖਲਅੰਦਾਜ਼ੀ ਤੋਂ ਅਸਿਹਮਤ ਰਹੇ ਹਨ। ਅਸਹਿਮਤੀ ਐਨਡੀਏ-1 ਦੇ ਦੌਰ ਵਿੱਚ ਏਸ਼ਿਆਈ ਅਰਥ ਵਿਵਸਥਾਵਾਂ ਦੀ ਬਦਹਾਲੀ ਦੇ ਦੌਰਾਨ ਰੁਪਏ ਦੇ ਮੁੱਲ ਉਤੇ ਵੀ ਸੀ ਅਤੇ ਯੂ.ਪੀ.ਏ.-1 ਦੇ ਸਮੇਂ 2018 ਦੇ ਵਿਸ਼ਵ ਪੱਧਰੀ ਵਿੱਤੀ ਸੰਕਟ ਦੇ ਪਹਿਲੇ ਵਿਆਜ ਦਰ ਵਿਵਸਥਾ ਉਤੇ ਵੀ ਸੀ। ਜਦੋਂ ਕਿ ਮੌਜੂਦਾ ਸਰਕਾਰ ਵਿੱਚ ਇਹ ਵਿਵਾਦ ਐਸ.ਈ.ਬੀ.( ਸਟੇਟ ਇਲੈਕਟ੍ਰੀਸਿਟੀ ਬੋਰਡਜ਼) ਦੇ ਕਰਜ਼ੇ ਦੇ ਪੁਨਰ ਨਿਰਧਾਰਨ, ਨੀਰਵ ਮੋਦੀ-ਮੇਹੁਲ ਚੌਕਸੀ ਘੁਟਾਲੇ ਦੀ ਜਵਾਬਦੇਹੀ, ਬੁਨਿਆਦੀ ਢਾਂਚੇ ਦੇ ਲਈ ਵਿੱਤੀ ਸੁਧਾਰ, ਕਰਜ਼ ਮੁਆਫੀ ਅਤੇ ਐਨ ਪੀ ਏ ਦੇ ਨਿਪਟਾਰੇ ਨੂੰ ਲੈ ਕੇ ਹੈ। ਵਿਰੋਧੀ ਧਿਰ 'ਚ ਰਹਿੰਦਿਆਂ ਭਾਜਪਾ ਨੇ ਰੁਪਏ ਦੇ ਮੁੱਲ 'ਚ ਗਿਰਾਵਟ ਦਾ ਮੁੱਦਾ ਉਠਾਇਆ ਅਤੇ ਸਿਆਸੀ ਨਿਰਦੇਸ਼ ਉਤੇ ਦਿੱਤੇ ਜਾਣ ਵਾਲੇ ਕਰਜ਼ਿਆਂ ਦੇ ਲਈ "ਫੋਨ ਬੈਕਿੰਗ" ਜਿਹਾ ਮੁਹਾਵਰਾ ਘੜਿਆ। ਸੱਤਾ ਤੋਂ ਬਾਹਰ ਆਉਣ ਉਤੇ ਕਾਂਗਰਸ ਨੇ ਵੀ ਰੁਪਈਏ ਦੇ ਮੁੱਲ 'ਚ ਕਮੀ, ਘੁਟਾਲਿਆਂ ਅਤੇ ਇਥੋਂ ਤੱਕ ਕਿ ਰਘੂਰਾਮ ਰਾਜਨ ਨੂੰ ਹਟਾਉਣ ਉਤੇ ਇਸਦਾ ਬਦਲਾ ਚੁਕਾਇਆ। ਮਨਮੋਹਨ ਸਿੰਘ ਨੇ ਮੋਦੀ ਸਰਕਾਰ ਉਤੇ ਰਿਜ਼ਰਵ ਬੈਂਕ ਦੀ ਅਟੌਨਮੀ ਨੂੰ ਘੱਟ ਕਰਨ ਦਾ ਦੋਸ਼ ਲਗਾਇਆ। ਹੋਰ ਮਹੱਤਵਪੂਰਨ ਸੰਸਥਾਵਾਂ ਦੀ ਤਰ੍ਹਾਂ ਰਿਜ਼ਰਵ ਬੈਂਕ ਦੀ ਅਟੌਨਮੀ ਦਾ ਮੁੱਦਾ ਲਗਾਤਾਰ ਇੱਕ ਸਵਾਲ ਬਣਿਆ ਹੋਇਆ ਹੈ ਅਤੇ ਮੌਸਮ ਦੇ ਅਨੁਸਾਰ ਇਸਦਾ ਗੋਲਪੋਸਟ ਬਦਲਦਾ ਰਹਿੰਦਾ ਹੈ।

**ਰੋਜ਼ਗਾਰ ਦਾ ਮੁੱਦਾ-** ਜੋ ਸਿਆਸੀ ਵਿਚਾਰ-ਵਟਾਂਦਰੇ ਦਾ ਸਥਾਈ ਵਿਸ਼ਾ ਹੈ-ਵੈਕਲਪਿਕ ਵਿਚਾਰਾਂ ਜਾਂ ਦ੍ਰਿਸ਼ਟੀਕੋਨ ਦੀ ਉਪੇਕਸ਼ਾ ਦਾ ਪ੍ਰਤੀਕ ਹੈ। ਭਾਰਤ ਵਿੱਚ ਹਰ ਸਾਲ ਲਗਭਗ ਇੱਕ ਕਰੋੜ ਲੋਕ ਰੁਜ਼ਗਾਰ ਲਈ ਬਜ਼ਾਰ ਵਿੱਚ ਆਉਂਦੇ ਹਨ। ਲੇਕਿਨ ਇਸ ਮੁੱਦੇ ਦੀ ਗੰਭੀਰਤਾ ਦੇ ਬਾਰੇ ਵਿੱਚ ਕੋਈ ਕੁਝ ਨਹੀਂ ਸੋਚਦਾ। ਕੇਂਦਰ ਅਤ ਸੂਬਾ ਸਰਕਾਰ ਨੇ ਵੱਖ ਵੱਖ ਮਹਿਕਮਿਆਂ, ਪੁਲਿਸ, ਸਕੂਲਾਂ, ਹਸਪਤਾਲਾਂ, ਰੇਲਵੇ ਵਿੱਚ ਖਾਲੀ ਥਾਵਾਂ ਹਰ ਦਿਨ ਦੇ ਮੁੱਦੇ ਹਨ। ਪਰ ਸਿਆਸੀ ਦਲਾਂ ਨੇ ਬੇਰੁਜ਼ਗਾਰੀ ਅਤੇ ਖਾਲੀ ਥਾਵਾਂ ਨੂੰ ਖਤਮ ਕਰਨ ਦਾ ਯਤਨ ਸ਼ਾਇਦ ਹੀ ਕੀਤਾ ਹੋਵੇ।

ਗੰਭੀਰ ਰਾਜਨੀਤੀ ਦੇ ਬਦਲ ਵਿੱਚ ਨਾਰੇਬਾਜ਼ੀ ਦਾ ਉਭਾਰ ਇਸਦਾ ਇੱਕ ਕਾਰਨ ਹੈ। ਪਿਛਲੇ ਸਤੰਬਰ ਵਿੱਚ ਸਰਕਾਰ ਨੇ ਸਾਰੇ ਵਿਭਾਗਾਂ ਅਤੇ ਸੂਬਿਆਂ ਦੀਆਂ ਖਾਲੀ ਥਾਵਾਂ ਦੀ ਰਿਪੋਰਟ ਦੇਣ ਲਈ ਕਿਹਾ ਸੀ। ਕੋਈ ਨਹੀਂ ਜਾਣਦਾ ਕਿ ਉਹ ਅੰਕੜਾ ਆਇਆ ਕਿ ਨਹੀਂ, ਪਰ ਸਿਆਸੀ ਦਲ ਇਸਤੇ ਸਵਾਲ ਨਹੀਂ ਚੁੱਕਦੇ। ਸੰਸਥਾ ਦਾ ਖਤਮ ਹੋਣਾ ਪ੍ਰਮੁੱਖ ਬਿਮਰੀ ਹੈ। ਸ਼ਾਸ਼ਨ ਦੇ ਮਹੱਤਵਪੂਰਨ ਮੁੱਦਿਆਂ ਉਤੇ ਬਹਿਸ ਵਿਅਕਤੀਗਤ ਭਾਸ਼ਨਬਾਜ਼ੀ ਵਿੱਚ ਡੁੱਬ ਗਈ ਹੈ, ਜਦਕਿ ਕਮਜ਼ੋਰ ਅਰਥ ਵਿਵਸਥਾ ਦੇ ਸਸ਼ਕਤੀਕਰਨ ਦੇ ਲਈ ਮਿਲ-ਜੁਲ ਕੇ ਕੰਮ ਕਰਨ ਦੀ ਲੋੜ ਹੈ।

# ਅੰਧਵਿਸ਼ਵਾਸ ਦੇ ਚੱਕਰ ਵਿਚ ਦਲਿਤਾਂ ਦੀਆਂ ਕੱਟ ਹੁੰਦੀਆਂ ਜੇਬਾਂ

**ਮੂਲ ਲੇਖਕ- ਬ੍ਰਿਹਸਪਤੀ ਕੁਮਾਰ ਪਾਂਡੇ**

ਬਸਤੀ ਉਤਰ ਪ੍ਰਦੇਸ਼ ਦੇ ਬਿਸ਼ਨਪੁਰਾ ਪਿੰਡ ਦੇ ਦਲਿਤ ਜਾਤੀ ਦੇ ਰਾਮਦੀਨ ਨੂੰ ਜਦ ਔਲਾਦ ਨਾ ਹੋਈ ਤਾਂ ਉਸ ਨੂੰ ਇਕ ਤਾਂਤਰਿਕ ਨੇ ਦੱਸਿਆ ਕਿ ਇਹ ਸਭ ਉਸ ਦੇ ਪਿਛਲੇ ਜਨਮ ਵਿਚ ਕੀਤੇ ਗਏ ਮਾੜੇ ਕੰਮਾਂ ਕਾਰਨ ਹੋਇਆ ਹੈ, ਜਿਸ ਕਾਰਨ ਉਸ ਦੇ ਘਰ ਕੋਈ ਔਲਾਦ ਪੈਦਾ ਨਹੀਂ ਹੋਈ। ਜੇਕਰ ਉਸ ਨੇ ਇਸ ਜਨਮ ਵਿਚ ਆਪਣੇ ਕੰਮਾਂ ਨੂੰ ਨਾ ਸੁਧਾਰਿਆ ਤਾਂ ਫਿਰ ਤੋਂ ਅਗਲੇ ਜਨਮ ਵਿਚ ਉਸ ਨੂੰ ਇਸੇ ਤਰ੍ਹਾਂ ਬੇਔਲਾਦ ਰਹਿਣਾ ਪਵੇਗਾ।

ਰਾਮਦੀਨ ਨੂੰ ਜਾਪਿਆ ਕਿ ਹੋਵੇ ਨਾ ਹੋਵੇ, ਤਾਂਤਰਿਕ ਠੀਕ ਕਹਿ ਰਿਹਾ ਹੋਵੇਗਾ। ਉਸ ਨੇ ਇਸ ਸਮੱਸਿਆ ਦਾ ਹੱਲ ਪੁੱਛਿਆ ਤਾਂ ਤਾਂਤਰਿਕ ਨੇ ਕਿਹਾ ਕਿ ਉਸ ਨੂੰ ਪਿਛਲੇ ਜਨਮ ਵਿਚ ਕੀਤੇ ਮਾੜੇ ਕੰਮਾਂ ਦੇ ਪਾਪਾਂ ਤੋਂ ਛੁਟਕਾਰਾ ਪਾਉਣ ਲਈ 9 ਦਿਨ ਤੱਕ ਕਥਾ ਸੁਣਨੀ ਹੋਵੇਗੀ। ਨਾਲ ਹੀ ਉਚੀ ਜਾਤ ਦੇ ਲੋਕਾਂ ਨੂੰ ਭੋਜਨ ਵੀ ਕਰਵਾਉਣਾ ਪਵੇਗਾ। ਤਾਂਤਰਿਕ ਦੀ ਗੱਲ ਸੁਣ ਕੇ ਰਾਮਦੀਨ ਨੇ ਕਿਹਾ ਕਿ ਉਹ ਆਪਣੇ ਘਰ ਕਥਾ ਤਾਂ ਸੁਣ ਲਵੇਗਾ ਪ੍ਰੰਤੂ ਦਲਿਤ ਹੋਣ ਕਾਰਨ ਕੋਈ ਵੀ ਉਚ ਜਾਤ ਦਾ ਆਦਮੀ ਉਸ ਦੇ ਘਰ ਭੋਜਨ ਨਹੀਂ ਕਰੇਗਾ। ਤਾਂਤਰਿਕ ਨੇ ਕਿਹਾ ਕਿ ਉਹ ਕਿਸੇ ਉਚੀ ਜਾਤੀ ਦੇ ਆਦਮੀ ਦੇ ਘਰ ਭੋਜਨ ਤਿਆਰ ਕਰਨ ਦਾ ਪੈਸਾ ਦੇ ਦੇਵੇ ਤਾਂ ਉਸੇ ਦੇ ਘਰ ਵਿਚ ਭੋਜਨ ਦਾ ਪ੍ਰਬੰਧ ਹੋ ਜਾਵੇਗਾ। ਰਾਮਦੀਨ ਨੂੰ ਤਾਂਤਰਿਕ ਦੀ ਗੱਲ ਜਚ ਗਈ ਤੇ ਉਸ ਨੇ ਆਪਣੇ ਘਰ ਵਿਚ 9 ਦਿਨਾਂ ਲਈ ਕਥਾ ਦਾ ਪ੍ਰੋਗਰਾਮ ਕੀਤਾ ਤੇ ਉਚੀ ਜਾਤ ਦੇ ਲੋਕਾਂ ਲਈ ਇਕ ਉਚ ਜਾਤੀ ਦੇ ਆਦਮੀ ਦੇ ਘਰ ਭੋਜਨ ਦਾ ਇੰਤਜ਼ਾਮ ਕਰ ਦਿੱਤਾ।

ਇਕ ਗਰੀਬ ਰਿਕਸ਼ਾ ਚਾਲਕ ਰਾਮਦੀਨ ਨੂੰ 9 ਦਿਨਾਂ ਤੱਕ ਕਥਾ ਦੇ ਪ੍ਰੋਗਰਾਮ ਭੋਜਨ ਦੇ ਪ੍ਰਬੰਧ ਤੇ ਦਾਨ ਦੱਛਣਾ ਲਈ ਲੱਗਭੱਗ 2 ਲੱਖ ਰੁਪਏ ਦੀ ਲੋੜ ਸੀ। ਉਸ ਨੇ ਪਿਛਲੇ ਜਨਮਾਂ ਦੇ ਮਾੜੇ ਕੰਮਾਂ ਤੋਂ ਛੁਟਕਾਰਾ ਪਾਉਣ ਦੇ ਲਾਲਚ ਵਿਚ ਥੋੜ੍ਹੀ ਜਿਹੀ ਖੇਤੀਯੋਗ ਜ਼ਮੀਨ ਤੇ ਪਤਨੀ ਦੇ ਗਹਿਣੇ ਵੇਚ ਕੇ ਪੈਸਿਆਂ ਦਾ ਇੰਤਜ਼ਾਮ ਕੀਤਾ ਤੇ ਤਾਂਤਰਿਕ ਦੇ ਕਹੇ ਮੁਤਾਬਕ ਕਥਾ ਸੁਣਨ ਲੱਗਾ। ਪ੍ਰੰਤੂ ਬਾਅਦ ਵਿਚ ਤਾਂਤਰਿਕ ਨੇ ਹੋਰ ਵੀ ਖਰਚੇ ਵਧਾ ਦਿੱਤੇ, ਜਿਸ ਦੇ ਚਲਦਿਆਂ ਰਾਮਦੀਨ ਨੂੰ ਆਪਣਾ ਘਰ ਤੱਕ ਗਿਰਵੀ ਰੱਖ ਕੇ ਵਿਆਜ ਉਤੇ ਪੈਸੇ ਚੁੱਕਣੇ ਪਏ, ਤਦ ਕਿਧਰੇ ਜਾ ਕੇ ਉਹ ਕਥਾ, ਦਾਨ ਦੱਛਣਾ ਅਤੇ ਭੋਜਨ ਦਾ ਇੰਤਜ਼ਾਮ ਕਰਨ ਵਿਚ ਕਾਮਯਾਬ ਹੋਇਆ। ਪਿਛਲੇ ਜਨਮ ਦੇ ਮਾੜੇ ਕੰਮਾਂ ਤੋਂ ਛੁਟਕਾਰਾ ਪਾਣ ਦੇ ਲਾਲਚ ਕਾਰਨ ਰਾਮਦੀਨ ਨੇ ਆਪਣੀ ਮਾਲੀ ਆਰਥਿਕ ਹਾਲਤ ਬਹੁਤ ਹੀ ਖਸਤਾ ਕਰ ਲਈ ਸੀ, ਜਿਸ ਨਾਲ ਉਸ ਦੇ ਘਰ ਵਿਚ ਖਾਣ ਤੱਕ ਦੇ ਲਾਲੇ ਪੈ ਗਏ ਕਿਉਂਕਿ ਉਸ ਨੇ ਆਪਣੀ ਸਾਰੀ ਜਮ੍ਹਾ ਪੂੰਜੀ ਪੁੰਨ ਕਮਾਉਣ ਦੇ ਲਾਲਚ ਵਿਚ ਗਵਾ ਦਿੱਤੀ ਸੀ।

**ਮੂਰਖਤਾ ਅਤੇ ਨਿਕੰਮਾਪਣ:** ਪੁੰਨ ਕਮਾਉਣ, ਪਿਛਲੇ ਜਨਮਾਂ ਦੇ ਬੁਰੇ ਕਰਮਾਂ ਦੇ ਡਰ ਤੋਂ ਛੁਟਕਾਰਾ ਪਾਉਣ ਦਾ ਲਾਲਚ ਦਲਿਤਾਂ ਵਿਚ ਬੇਵਕੂਫੀ ਤੇ ਨਿਕੰਮੇਪਣ ਦਾ ਇਸ਼ਾਰਾ ਕਰਦਾ ਹੈ, ਜਿਸ ਦਾ ਫਾਇਦਾ ਚਲਾਕ ਕਿਸਮ ਦੇ ਤਾਂਤਰਿਕ ਜਾਂ ਸਾਧ ਉਠਾਉਂਦੇ ਹਨ ਤੇ ਸਦੀਆਂ ਤੋਂ ਉਹਨਾਂ ਨੂੰ ਮੂਰਖ ਬਣਾਉਂਦੇ ਆ ਰਹੇ ਹਨ। ਇਸ ਵਜ੍ਹਾ ਤੋਂ ਦਲਿਤ ਤਬਕਾ ਗਰੀਬੀ ਤੇ ਪਿਛੜੇਪਣ ਦੀ ਦਲਦਲ ਤੋਂ ਨਿਕਲ ਹੀ ਨਹੀਂ ਪਾ ਰਿਹਾ। ਅੱਜ ਵੀ ਇਹ ਤਬਕਾ ਬਦਹਾਲੀ ਦਾ ਸ਼ਿਕਾਰ ਬਣਿਆ ਹੋਇਆ ਹੈ, ਜਦਕਿ ਸਰਕਾਰ ਇਸ ਨੂੰ ਅੱਗੇ ਵਧਾਉਣ ਲਈ ਸਭ ਤਰ੍ਹਾਂ ਦੀਆਂ ਸਹੂਲਤਾਂ ਦੇ ਰਹੀ ਹੈ। ਸਰਕਾਰ ਦੀਆਂ ਸਹੂਲਤਾਂ ਦੇ ਚਲਦੇ ਦਲਿਤ ਤੇ ਪਿਛੜਿਆਂ ਵਿਚੋਂ ਜਿਹੜੇ ਵੀ ਅੱਗੇ ਵਧੇ ਹਨ, ਉਹ ਆਪਣੀ ਜਾਤੀ ਦੇ ਦੂਜੇ ਲੋਕਾਂ ਨੂੰ ਅੱਗੇ ਵਧਾਉਣ ਲਈ ਪਿੱਛੇ ਮੁੜ ਕੇ ਨਹੀਂ ਵੇਖਦੇ ਅਤੇ ਨਾ ਹੀ ਉਹਨਾਂ ਨੂੰ ਉਚਾ ਚੁੱਕਣ ਲਈ ਕੋਈ ਕੰਮ ਕਰਦੇ ਹਨ, ਸਗੋਂ ਉਹ ਵੀ ਉਚੀ ਜਾਤੀ ਦੇ ਲੋਕਾਂ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੇ ਹਨ।

**ਪੁੰਨ ਕਮਾਉਣ, ਪਿਛਲੇ ਜਨਮਾਂ ਦੇ ਬੁਰੇ ਕਰਮਾਂ ਦੇ ਡਰ ਤੋਂ ਛੁਟਕਾਰਾ ਪਾਉਣ ਦਾ ਲਾਲਚ ਦਲਿਤਾਂ ਵਿਚ ਬੇਵਕੂਫੀ ਤੇ ਨਿਕੰਮੇਪਣ ਦਾ ਇਸ਼ਾਰਾ ਕਰਦਾ ਹੈ, ਜਿਸ ਦਾ ਫਾਇਦਾ ਚਲਾਕ ਕਿਸਮ ਦੇ ਤਾਂਤਰਿਕ ਜਾਂ ਸਾਧ ਉਠਾਉਂਦੇ ਹਨ ਤੇ ਸਦੀਆਂ ਤੋਂ ਉਹਨਾਂ ਨੂੰ ਮੂਰਖ ਬਣਾਉਂਦੇ ਆ ਰਹੇ ਹਨ। ਇਸ ਵਜ੍ਹਾ ਤੋਂ ਦਲਿਤ ਤਬਕਾ ਗਰੀਬੀ ਤੇ ਪਿਛੜੇਪਣ ਦੀ ਦਲਦਲ ਤੋਂ ਨਿਕਲ ਹੀ ਨਹੀਂ ਪਾ ਰਿਹਾ। ਅੱਜ ਵੀ ਇਹ ਤਬਕਾ ਬਦਹਾਲੀ ਦਾ ਸ਼ਿਕਾਰ ਬਣਿਆ ਹੋਇਆ ਹੈ, ਜਦਕਿ ਸਰਕਾਰ ਇਸ ਨੂੰ ਅੱਗੇ ਵਧਾਉਣ ਲਈ ਸਭ ਤਰ੍ਹਾਂ ਦੀਆਂ ਸਹੂਲਤਾਂ ਦੇ ਰਹੀ ਹੈ। ਸਰਕਾਰ ਦੀਆਂ ਸਹੂਲਤਾਂ ਦੇ ਚਲਦੇ ਦਲਿਤ ਤੇ ਪਿਛੜਿਆਂ ਵਿਚੋਂ ਜਿਹੜੇ ਵੀ ਅੱਗੇ ਵਧੇ ਹਨ, ਉਹ ਆਪਣੀ ਜਾਤੀ ਦੇ ਦੂਜੇ ਲੋਕਾਂ ਨੂੰ ਅੱਗੇ ਵਧਾਉਣ ਲਈ ਪਿੱਛੇ ਮੁੜ ਕੇ ਨਹੀਂ ਵੇਖਦੇ ਅਤੇ ਨਾ ਹੀ ਉਹਨਾਂ ਨੂੰ ਉਚਾ ਚੁੱਕਣ ਲਈ ਕੋਈ ਕੰਮ ਕਰਦੇ ਹਨ, ਸਗੋਂ ਉਹ ਵੀ ਉਚੀ ਜਾਤੀ ਦੇ ਲੋਕਾਂ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੇ ਹਨ।**

**ਮੂਰਖਪੰਥ ਦੇ ਸਾਏ ਵਿਚ:** ਦਲਿਤ ਪਿਛੜੇ ਆਪਣੀ ਬਦਹਾਲੀ ਲਈ ਖੁਦ ਹੀ ਜ਼ਿੰਮੇਵਾਰ ਹਨ ਕਿਉਂਕਿ ਉਹਨਾਂ ਦੇ ਭੋਲੇਪਣ ਦਾ ਫਾਇਦਾ ਤਾਂਤਰਿਕਾਂ ਜਾਂ ਸਾਧਾਂ ਦੁਆਰਾ ਉਠਾਇਆ ਜਾਂਦਾ ਹੈ। ਸਾਧ ਦੁਆਰਾ ਧਰਮ ਕਰਮ ਦਾ ਡਰ ਵਿਖਾ ਕੇ ਉਹਨਾਂ ਦੀਆਂ ਜੇਬਾਂ ਖਾਲੀ ਕਰ ਦਿੱਤੀਆਂ ਜਾਂਦੀਆਂ ਹਨ ਤੇ ਇਹਨਾਂ ਸਾਧਾਂ ਤੋਂ ਲੁੱਟ ਕਰਵਾਉਣ ਨੂੰ ਹਰ ਸਮੇਂ ਤਿਆਰ ਵੀ ਰਹਿੰਦੇ ਹਨ। ਇਹਨਾਂ ਨੂੰ ਅਗਲੇ ਜਨਮ ਵਿਚ ਉਚੀਆਂ ਜਾਤਾਂ ਵਿਚ ਜਨਮ ਲੈਣ ਦਾ ਲਾਲਚ ਦਿੱਤਾ ਜਾਂਦਾ ਹੈ।

ਦਲਿਤਾਂ ਦੇ ਮਨ ਵਿਚ ਧਰਮ ਕਰਮ ਤੇ ਅੰਧ ਵਿਸ਼ਵਾਸ ਦਾ ਡਰ ਇਸ ਹੱਦ ਤੱਕ ਸਮਾਇਆ ਹੋਇਆ ਹੈ ਕਿ ਇਹ ਮੂਰਖ ਇਨ੍ਹਾਂ ਤਾਂਤਰਿਕਾਂ ਦੇ ਬਹਿਕਾਵੇ ਵਿਚ ਆ ਕੇ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਹਨ। ਜਿੱਥੇ ਦਲਿਤ ਤਬਕਾ ਪੁੰਨ ਕਮਾਉਣ ਤੇ ਪਿਛਲੇ ਜਨਮ ਦੇ ਬੁਰੇ ਕਰਮਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਦੀ ਜੁਗਤ ਵਿਚ ਆਪਣੀਆਂ ਜੇਬਾਂ ਖਾਲੀ ਕਰਨ ਵਿਚ ਲੱਗਾ ਹੈ, ਉਥੇ ਹੀ ਦੂਜੇ ਤਬਕਿਆਂ ਤੋਂ ਕਿਤੇ ਵੱਧ ਇਸ ਤਬਕੇ ਦੇ ਲੋਕਾਂ ਵਿਚ ਅੰਧ ਵਿਸ਼ਵਾਸ ਦੀਆਂ ਜੜ੍ਹਾਂ ਫੈਲੀਆਂ ਹੋਈਆਂ ਹਨ। ਦਲਿਤ ਤਬਕੇ ਨਾਲ ਜੁੜੇ ਲੋਕ ਹਰ ਛੋਟੀ ਮੋਟੀ ਬਿਮਾਰੀ ਤੇ ਸਮੱਸਿਆ ਦਾ ਕਾਰਨ ਭੂਤ ਪ੍ਰੇਤ ਤੇ ਕਾਲੀਆਂ ਸ਼ਕਤੀਆਂ ਨੂੰ ਮੰਨਦੇ ਹਨ। ਅਜਿਹੇ ਵਿਚ ਇਹ ਲੋਕ ਡਾਕਟਰ ਤੋਂ ਇਲਾਜ ਨਾ ਕਰਵਾ ਕੇ ਝਾੜ ਫੂਕ ਨਾਲ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਅੰਧ ਵਿਸ਼ਵਾਸ ਦਾ ਘੇਰਾ ਸਿਰਫ ਇੱਥੋਂ ਤੱਕ ਹੀ ਨਹੀਂ ਸਿਮਟਿਆ, ਸਗੋਂ ਇਸ ਤਬਕੇ ਨਾਲ ਜੁੜੇ ਲੋਕ ਤੰਤਰ ਮੰਤਰ ਨਾਲ ਅਮੀਰ ਹੋਣ ਦੇ ਸੁਪਨੇ ਵੀ ਵੇਖਦੇ ਹਨ। ਝਾੜ ਫੂਕ ਦੇ ਦੌਰਾਨ ਇਸ ਤਬਕੇ ਦੀਆਂ ਔਰਤਾਂ ਅਤੇ ਲੜਕੀਆਂ ਦੀ ਇੱਜ਼ਤ ਲੁੱਟੀ ਜਾਣੀ ਆਮ ਗੱਲ ਹੈ। ਦਲਿਤ ਜਾਤਾਂ ਵਿਚ ਤਾਂਤਰਿਕ ਤੇ ਝਾੜ ਫੂਕ ਕਰਨ ਵਾਲਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਤੇ ਇਹ ਤਾਂਤਰਿਕ ਹਰ ਛੋਟੀ-ਮੋਟੀ ਬਿਮਾਰੀ ਵਿਚ ਭੂਤ ਪ੍ਰੇਤ ਦਾ ਡਰ ਵਿਖਾ ਕੇ ਝਾੜ ਫੂਕ ਦਾ ਨਾਟਕ ਕਰਦੇ ਹਨ। ਇਸੇ ਦੀ ਆੜ ਵਿਚ ਤਾਂਤਰਿਕ/ਸਾਧ ਦੁਆਰਾ ਦਲਿਤ ਜਾਤੀ ਦੀਆਂ ਲੜਕੀਆਂ ਦੀ ਇੱਜ਼ਤ ਨਾਲ ਖਿਲਵਾੜ ਵੀ ਕੀਤਾ ਜਾਂਦਾ ਰਿਹਾ ਹੈ।

**ਆਪਣਿਆਂ ਤੋਂ ਲੁੱਟ ਹੁੰਦੇ ਦਲਿਤ:** ਜਿੱਥੇ ਇਕ ਪਾਸੇ ਉਚੀ ਜਾਤੀਆਂ ਦੇ ਹੱਥੋਂ ਦਲਿਤ ਧਰਮ ਕਰਮ ਤੇ ਮੂਰਖਪੰਥ ਦੇ ਚੱਕਰ ਵਿਚ ਪੈ ਕੇ ਲੁੱਟੇ ਜਾਂਦੇ ਰਹੇ ਹਨ, ਉਥੇ ਦਲਿਤ ਜਾਤਾਂ ਵਿਚ ਵੀ ਕੁਝ ਚਲਾਕ ਕਿਸਮ ਦੇ ਲੋਕ ਆਪਣੀ ਹੀ ਜਾਤੀ ਦੇ ਲੋਕਾਂ ਨੂੰ ਧਰਮ ਕਰਮ ਦੇ ਨਾਂ ਉਤੇ ਮੂਰਖ ਬਣਾ ਕੇ ਲੁੱਟਣ ਵਿਚ ਲੱਗੇ ਹਨ।

ਦਲਿਤ ਜਾਤਾਂ ਵਿਚੋਂ ਹੀ ਕੁਝ ਲੋਕ ਬਾਬਾਗਿਰੀ ਦਾ ਚੋਲਾ ਪਾ ਕੇ ਦਲਿਤ ਜਾਤ ਦੇ ਲੋਕਾਂ ਨੂੰ ਬੁੱਧ ਕਥਾ ਤੇ ਅੰਬੇਦਕਰ ਕਥਾ ਸੁਣਾਉਣ ਦੇ ਨਾਂ ਉਤੇ ਉਹਨਾਂ ਤੋਂ ਮੋਟੀ ਰਕਮ ਖਰਚ ਕਰਾਉਂਦੇ ਹਨ ਤੇ ਹੁਣ ਤਾਂ ਇਹਨਾਂ ਦੇ ਵਿਆਹ ਵੀ ਦਲਿਤ ਜਾਤੀ ਦੇ ਸਾਧ ਟੋਲੇ ਵੱਲੋਂ ਕੀਤੇ ਜਾਣ ਲੱਗੇ ਹਨ। ਇਹ ਦਲਿਤ ਜਾਤੀ ਦੇ ਸਾਧ ਉਚੀ ਜਾਤੀ ਦੇ ਸਾਧਾਂ ਤੋਂ ਘੱਟ ਚਲਾਕ ਨਹੀਂ ਹੁੰਦੇ। ਕਿਉਂਕਿ ਦਲਿਤ ਜਾਤੀਆਂ ਦੇ ਸਾਧ ਉਹਨਾਂ ਦੀ ਆਪਣੀ ਜਾਤੀ ਦੇ ਹੁੰਦੇ ਹਨ, ਇਸ ਲਈ ਉਹਨਾਂ ਦੀਆਂ ਆਖੀਆਂ ਗੱਲਾਂ ਉਤੇ ਇਹ ਛੇਤੀ ਵਿਸ਼ਵਾਸ ਕਰ ਲੈਂਦੇ ਹਨ ਅਤੇ ਧਰਮ ਕਰਮ, ਅੰਧ ਵਿਸ਼ਵਾਸ ਤੇ ਝਾੜ ਫੂਕ ਦੇ ਚੱਕਰ ਵਿਚ ਪੈ ਕੇ ਆਪਣੀ ਮਾਲੀ ਹਾਲਤ ਨੂੰ ਖਸਤਾ ਕਰ ਲੈਂਦੇ ਹਨ। ਇਸ ਕਾਰਨ ਬਾਅਦ ਵਿਚ ਨੁਕਸਾਨ ਦਾ ਸਾਹਮਣਾ ਕਰਦੇ ਹਨ।

**ਅਨੁਵਾਦਕ: ਪਵਨ ਕੁਮਾਰ ਰੱਤੋ**
**91-94173-71455**

# ਇਹ ਰੱਬੀ ਭਾਣਾ ਨਹੀਂ

ਅੰਗ-ਸੰਗ



ਸ਼ਾਮ ਸਿੰਘ
98141-13338

**ਦਿਲਾਂ ਦੀਆਂ ਜੋਤਾਂ ਬੁਝ ਗਈਆਂ, ਬੋਲਦੀਆਂ ਜੀਭਾਂ ਖਾਮੋਸ਼ ਹੋ ਗਈਆਂ, ਦੌੜਦੇ-ਭੱਜਦੇ ਲੋਕ ਲਹੂ-ਲੁਹਾਣ ਹੋ ਕੇ ਆਪਣੀਆਂ ਹੀ ਹੱਡੀਆਂ ਅਤੇ ਮਾਸ ਦੇ ਲੋਥੜੇ ਲੱਭਣ ਜੋਗੇ ਹੀ ਨਾ ਰਹੇ। ਹੁਣ ਮੋਮਬੱਤੀਆਂ ਜਗਾ ਕੇ ਉਨ੍ਹਾਂ 'ਹੈ' ਤੋਂ 'ਸੀ' ਹੋ ਗਏ ਲੋਕਾਂ ਲਈ ਸ਼ਰਧਾਂਜਲੀਆਂ ਭੇਟ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਪਰਵਾਰਾਂ ਦੇ ਪਰਵਾਰ ਚਲੇ ਗਏ। ਉਨ੍ਹਾਂ ਦਾ ਘਾਟਾ ਕਦੇ ਪੂਰਾ ਨਹੀਂ ਹੋਣ ਲੱਗਾ।**

ਹੁਕਮਰਾਨਾਂ ਵਿੱਚ ਅਨੁਸ਼ਾਸਨ ਨਾ ਹੋਵੇ ਅਤੇ ਅਧਿਕਾਰੀਆਂ ਕੋਲ ਸਮੇਂ ਦੇ ਹਾਣ ਦੇ ਹੋ ਕੇ ਚੱਲਣ ਦੀ ਲਿਆਕਤ ਨਾ ਹੋਵੇ ਤਾਂ ਧਰਤੀ ਉੱਤੇ ਰੱਬੀ ਭਾਣਿਆਂ ਦੀ ਥਾਂ ਹੁਕਮਰਾਨ ਭਾਣੇ ਅਤੇ ਅਧਿਕਾਰੀ ਭਾਣੇ ਹੋਣੇ ਰੁਕ ਨਹੀਂ ਸਕਦੇ। ਜੇ ਇਹ ਸਮੇਂ ਦੇ ਪਾਬੰਦ ਨਹੀਂ ਹੁੰਦੇ ਤਾਂ ਵਿਘਨ ਪੈਣ ਦੀ ਸੰਭਾਵਨਾ ਨਹੀਂ ਰੁਕਦੀ। ਇਹ ਆਪਣੀ ਵਡਿੱਤਣ ਕਾਰਨ ਆਪਣੀ ਪੈਂਠ ਬਣਾਈ ਰੱਖਣ ਤੋਂ ਬਾਜ਼ ਨਹੀਂ ਆਉਂਦੇ। ਇਨ੍ਹਾਂ ਦੀਆਂ ਗ਼ਲਤੀਆਂ ਦਾ ਖਮਿਆਜ਼ਾ ਉਹ ਲੋਕ ਭੁਗਤਦੇ ਹਨ, ਜਿਨ੍ਹਾਂ ਦਾ ਕਸੂਰ ਨਹੀਂ ਹੁੰਦਾ।

ਦੇਸ਼ ਵਿੱਚ ਨਿੱਤ ਵਧਦੀ ਜਾਂਦੀ ਜਨਤਾ ਕਾਰਨ ਹਰੇਕ ਥਾਂ ਭੀੜਾਂ ਦਾ ਜੰਮਘਟਾ ਹੁਣ ਕੋਈ ਓਪਰੀ ਗੱਲ ਨਹੀਂ ਰਹੀ, ਪਰ ਇਸ ਭੀੜ ਤੰਤਰ ਨੂੰ ਸੰਭਾਲਣ ਦਾ ਕੋਈ ਢੁੱਕਵਾਂ ਪ੍ਰਬੰਧ ਨਾ ਕੀਤੇ ਜਾਣ ਕਾਰਨ ਕਈ ਮੌਕਿਆਂ 'ਤੇ ਭਗਦੜ ਮੱਚਦੀ ਰਹੀ, ਜਿਨ੍ਹਾਂ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਕਿਸੇ ਤੋਂ ਛੁਪੀ ਹੋਈ ਨਹੀਂ। ਤਿਉਹਾਰਾਂ, ਮੇਲਿਆਂ ਅਤੇ ਹੋਰ ਜਨਤਕ ਥਾਂਵਾਂ 'ਤੇ ਭੀੜ-ਭੜੱਕਾ ਹੋਣਾ ਆਮ ਜਿਹੀ ਗੱਲ ਹੋ ਗਈ ਹੈ, ਜਿਹੜਾ ਦਿਨ-ਬ-ਦਿਨ ਵਧਦਾ ਹੀ ਰਹੇਗਾ, ਘਟੇਗਾ ਨਹੀਂ। ਇਸ ਵਾਸਤੇ ਜ਼ਰੂਰੀ ਹੈ ਕਿ ਹੁਕਮਰਾਨ ਅਤੇ ਅਧਿਕਾਰੀ ਜਾਗਣ ਅਤੇ ਵੇਲੇ ਸਿਰ ਜ਼ਰੂਰੀ ਪ੍ਰਬੰਧ ਕਰਨ।

ਇਹ ਆਮ ਹੀ ਦੇਖਣ ਵਿੱਚ ਆਇਆ ਹੈ ਕਿ ਜਦੋਂ ਕੋਈ ਵੱਡੀ ਘਟਨਾ ਵਾਪਰ ਜਾਂਦੀ ਹੈ ਅਤੇ ਉਸ ਵਿੱਚ ਵੱਡਾ ਨੁਕਸਾਨ ਹੋ ਜਾਂਦਾ ਹੈ, ਫੇਰ ਜਾਗਦੇ ਹਨ ਹੁਕਮਰਾਨ। ਕਦੇ ਵੀ ਅਜਿਹਾ ਨਹੀਂ ਹੁੰਦਾ ਕਿ ਹੋਣ ਵਾਲੇ ਨੁਕਸਾਨ ਤੋਂ ਪਹਿਲਾਂ ਹੀ ਲੋੜੀਂਦੇ ਕਦਮ ਪੁੱਟ ਲਏ ਗਏ ਹੋਣ। ਜੇ ਅਜਿਹਾ ਕਰ ਲਿਆ ਜਾਇਆ ਕਰੇ ਤਾਂ ਹਰੇਕ ਵੱਡੇ ਤੋਂ ਵੱਡੇ ਸਮਾਗਮ ਦੇ ਭੀੜ ਤੰਤਰ 'ਤੇ ਵੀ ਕਾਬੂ ਪਾਉਣਾ ਮੁਸ਼ਕਲ ਕੰਮ ਨਹੀਂ। ਪਹਿਲਾਂ ਪ੍ਰਬੰਧ ਕਰਨ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ, ਪਰ ਸਾਡੇ ਹੁਕਮਰਾਨ ਅਜਿਹਾ ਕਰਨੋਂ ਅਵੇਸਲੇ ਰਹਿ ਜਾਂਦੇ ਹਨ, ਅਧਿਕਾਰੀ ਵੇਲੇ ਸਿਰ ਨਹੀਂ ਬਹੁੜਦੇ।

ਭਾਣਾ ਭਾਵੇਂ ਰੱਬੀ ਹੋਵੇ ਭਾਵੇਂ ਮਨੁੱਖੀ, ਪਰ ਉਸ ਵਿੱਚ ਹੋਏ ਨੁਕਸਾਨ ਦਾ ਬਾਅਦ ਵਿੱਚ ਬੜੀ ਬਾਰੀਕੀ ਨਾਲ ਅਧਿਐਨ ਕੀਤਾ ਜਾਂਦਾ ਹੈ ਅਤੇ ਪੜਤਾਲਾਂ ਦੇਰ ਤੱਕ ਨਹੀਂ ਰੁਕਦੀਆਂ। ਜਾਨਾਂ ਦਾ ਖੌਅ ਹੋ ਜਾਣ ਤੋਂ ਬਾਅਦ ਅਤੇ ਜਾਇਦਾਦ ਦਾ ਨੁਕਸਾਨ ਹੋ ਜਾਣ ਮਗਰੋਂ ਜਿੰਨਾ ਸਮਾਂ ਅਤੇ ਧਨ ਅੰਵਾਈਂ ਗੁਆਇਆ ਜਾਂਦਾ ਹੈ, ਉਸ ਨੂੰ ਬਚਾਉਣ ਲਈ ਪਹਿਲਾਂ ਕਦਮ ਉਠਾ ਲੈਣੇ ਜ਼ਿਆਦਾ ਬਿਹਤਰ ਹੋਣਗੇ। ਅਜਿਹਾ ਕਰਨ ਹੁਕਮਰਾਨ ਅਤੇ ਅਧਿਕਾਰੀ।

ਪਹਾੜ ਦੀ ਢਿੱਗ ਡਿੱਗਣੀ, ਹੜ੍ਹ ਆਉਣੇ, ਪੁਲ ਅਤੇ ਸੜਕਾਂ ਟੁੱਟਣੀਆਂ ਕੁਦਰਤੀ ਹੈ, ਜੋ ਟਾਲੇ ਨਹੀਂ ਜਾ ਸਕਦੇ। ਬੱਦਲਾਂ ਦਾ ਫਟ ਜਾਣਾ, ਅਸਮਾਨੀ ਬਿਜਲੀ ਦਾ ਪੈਣਾ ਅਜਿਹੇ ਕੌਤਕ ਹਨ, ਜਿਨ੍ਹਾਂ ਦਾ ਅੰਦਾਜ਼ਾ ਨਹੀਂ ਲੱਗਦਾ, ਜਿਨ੍ਹਾਂ ਅੱਗੇ ਕਿਸੇ ਦਾ ਵੀ ਜ਼ੋਰ ਨਹੀਂ ਚੱਲਦਾ। ਇਨ੍ਹਾਂ ਵਿੱਚ ਹੋਇਆ ਨੁਕਸਾਨ ਝੱਲਣਾ ਹੀ ਪੈਂਦਾ ਹੈ, ਕਿਉਂਕਿ ਇਨ੍ਹਾਂ ਰੱਬੀ ਭਾਣਿਆਂ ਅੱਗੇ ਕੁਝ ਵੀ ਕੀਤਾ ਨਹੀਂ ਜਾ ਸਕਦਾ।

ਅੰਮ੍ਰਿਤਸਰ ਦੀ ਪਵਿੱਤਰ ਧਰਤੀ ਉੱਪਰ ਹੁਣੇ ਜਿਹੇ ਵਾਪਰਿਆ ਰੇਲ ਹਾਦਸਾ ਮਨੁੱਖੀ ਭਾਣਾ ਹੈ, ਰੱਬੀ ਭਾਣਾ ਨਹੀਂ। ਰਾਵਣ ਨੂੰ ਸਾੜ ਦੇਣ ਵਾਲੇ ਹੁਕਮਰਾਨ ਅਤੇ ਸਾੜਨ ਲਈ ਥਾਂ ਦੇਣ ਵਾਲੇ ਅਧਿਕਾਰੀ ਜਾਂ ਫੇਰ ਆਪੇ ਥਾਂ ਮੱਲਣ ਵਾਲੇ ਧੱਕੇਸ਼ਾਹ ਲੋਕਾਂ ਨਾਲ ਧੱਕਾ ਕਰ ਗਏ, ਇਨਸਾਫ਼ ਨਹੀਂ ਕਰ ਸਕੇ। ਅਜਿਹਾ ਵਾਪਰ ਜਾਣ ਨਾਲ ਪੂਰੇ ਜ਼ਿਲ੍ਹੇ ਦੇ ਅਧਿਕਾਰੀਆਂ ਦੀ ਵੀ ਅਣਗਹਿਲੀ ਹੀ ਕਹੀ ਜਾ ਸਕਦੀ ਹੈ, ਜਿਹੜੇ ਹੁਣ ਹੋਏ-ਵਾਪਰੇ ਭਾਣੇ ਨੂੰ ਕੁਦਰਤੀ ਖਾਤੇ ਵਿੱਚ ਪਾਉਣ ਲਈ ਜਤਨ ਕਰਨਗੇ, ਪਰ ਇਹ ਰੱਬੀ ਭਾਣਾ ਨਹੀਂ। ਮੌਤਾਂ ਹੋ ਗਈਆਂ। ਹੁਕਮਰਾਨ ਤਾਂ ਅਕਸਰ ਬਦਲਦੇ ਰਹਿੰਦੇ ਹਨ, ਪਰ ਅਧਿਕਾਰੀ ਪੱਕੇ ਹੋਣ ਕਾਰਨ ਤੌਰ-ਤਰੀਕਿਆਂ ਤੋਂ ਜਾਣੂ ਹੁੰਦੇ ਹਨ, ਨਿਯਮਾਂ ਅਤੇ ਕਨੂੰਨਾਂ ਤੋਂ ਵੀ, ਜਿਸ ਕਾਰਨ ਮੇਲਿਆਂ ਅਤੇ ਸਮਾਗਮਾਂ ਦੇ ਪ੍ਰਬੰਧਕਾਂ ਨੂੰ ਅੱਖਾਂ ਉਨ੍ਹਾਂ ਲਾਉਣੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਨਜ਼ਰ ਨਾਲ ਪ੍ਰਬੰਧਕ ਸਹੀ ਦਿਸ਼ਾ ਵੱਲ ਜਾਣ ਤੋਂ ਨਹੀਂ ਭਟਕਦੇ।

ਹੁਕਮਰਾਨ ਇਹ ਕਿਉਂ ਨਹੀਂ ਸਮਝਦੇ ਕਿ ਮਰਨ ਤੋਂ ਬਾਅਦ ਸਾੜੇ ਗਏ ਵਿਦਵਾਨ ਰਾਵਣ ਨੂੰ ਵਾਰ-ਵਾਰ ਸਾੜਨਾ ਕਿਸੇ ਤਰ੍ਹਾਂ ਵੀ ਠੀਕ ਨਹੀਂ। ਉਹ ਕਨੂੰਨ ਬਣਾਉਣਾ ਜਾਣਦੇ ਹਨ ਤਾਂ ਫੇਰ ਇਹ ਕਨੂੰਨ ਕਿਉਂ ਨਹੀਂ ਬਣਾਉਂਦੇ ਕਿ ਇੱਕ ਵਾਰ ਸਾੜਿਆ ਗਿਆ ਬੰਦਾ ਪੁਤਲਿਆਂ ਦੇ ਰੂਪ ਵਿੱਚ ਵੀ ਨਹੀਂ ਸਾੜਿਆ ਜਾ ਸਕਦਾ। ਅਜਿਹਾ ਕਨੂੰਨ ਕਿਸੇ ਧਰਮ ਦੇ ਵਿਰੁੱਧ ਨਹੀਂ, ਸਗੋਂ ਪੁਤਲਿਆਂ 'ਤੇ ਹੁੰਦਾ ਖ਼ਰਚਾ ਬਚਾਇਆ ਜਾ ਸਕਦਾ ਹੈ ਅਤੇ ਪਟਾਕਿਆਂ ਨਾਲ ਹੁੰਦੇ ਪ੍ਰਦੂਸ਼ਣ ਤੋਂ ਵੀ ਬਚਿਆ ਜਾ ਸਕਦਾ ਹੈ। ਸਵਾਲ ਇਹ ਵੀ ਹੈ ਕਿ ਮਨੁੱਖੀ ਗ਼ਲਤੀ ਨਾਲ ਮਾਰੇ ਗਏ ਏਨੇ ਬੰਦਿਆਂ ਦੀ ਮੌਤ ਲਈ ਕੌਣ ਜ਼ਿੰਮੇਵਾਰ ਹੈ, ਜਿਸ ਨੂੰ ਬਣਦੀ ਸਜ਼ਾ ਦਿੱਤੀ ਜਾ ਸਕੇ? ਇਹ ਬੜਾ ਵੱਡਾ ਦੁਖਾਂਤ ਹੈ, ਜਿਸ ਦੀ ਜ਼ਿੰਮੇਵਾਰੀ ਕਿਸੇ ਦੇ ਸਿਰ ਵੀ ਨਹੀਂ ਪੈਂਦੀ ਲਗਦੀ, ਕਿਉਂਕਿ ਇਸ ਦਰਦ-ਵਿੰਨ੍ਹੇ ਸਮੇਂ 'ਤੇ ਵੀ ਸਿਆਸਤ ਛਾ ਗਈ ਹੈ, ਜੋ ਸੱਚ ਨੂੰ ਬਾਹਰ ਨਹੀਂ ਆਉਣ ਦੇਵੇਗੀ, ਸਭ ਕੁਝ ਛੁਪਾ ਲਵੇਗੀ।

ਦਿਲਾਂ ਦੀਆਂ ਜੋਤਾਂ ਬੁਝ ਗਈਆਂ, ਬੋਲਦੀਆਂ ਜੀਭਾਂ ਖਾਮੋਸ਼ ਹੋ ਗਈਆਂ, ਦੌੜਦੇ-ਭੱਜਦੇ ਲੋਕ ਲਹੂ-ਲੁਹਾਣ ਹੋ ਕੇ ਆਪਣੀਆਂ ਹੀ ਹੱਡੀਆਂ ਅਤੇ ਮਾਸ ਦੇ ਲੋਥੜੇ ਲੱਭਣ ਜੋਗੇ ਹੀ ਨਾ ਰਹੇ। ਹੁਣ ਮੋਮਬੱਤੀਆਂ ਜਗਾ ਕੇ ਉਨ੍ਹਾਂ 'ਹੈ' ਤੋਂ 'ਸੀ' ਹੋ ਗਏ ਲੋਕਾਂ ਲਈ ਸ਼ਰਧਾਂਜਲੀਆਂ ਭੇਟ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਪਰਵਾਰਾਂ ਦੇ ਪਰਵਾਰ ਚਲੇ ਗਏ। ਉਨ੍ਹਾਂ ਦਾ ਘਾਟਾ ਕਦੇ ਪੂਰਾ ਨਹੀਂ ਹੋਣ ਲੱਗਾ।

ਬਾਅਦ ਵਿੱਚ ਹੀ ਸਹੀ, ਚੰਗਾ ਹੋਇਆ ਕਿ ਸੂਬੇ ਦੇ ਵੱਡੇ ਹੁਕਮਰਾਨ ਦੁਖਾਂਤ ਝੱਲਣ ਵਾਲੀ ਜਗ੍ਹਾ ਪਹੁੰਚੇ ਅਤੇ ਜ਼ਖ਼ਮੀ ਲੋਕਾਂ ਨਾਲ ਦੁੱਖ ਵੰਡਾਇਆ। ਮਾਇਕ ਸਹਾਇਤਾ ਦਾ ਵੀ ਪ੍ਰਬੰਧ ਕੀਤਾ ਗਿਆ, ਜੋ ਕਿ ਅਜਿਹੇ ਮੌਕੇ ਲੋੜੀਂਦਾ ਵੀ ਸੀ ਅਤੇ ਲਾਜ਼ਮੀ ਵੀ। ਧਾਰਮਿਕ ਅਦਾਰਿਆਂ ਨੇ ਵੀ ਮਦਦ ਦਾ ਹੱਥ ਅੱਗੇ ਵਧਾਇਆ ਅਤੇ ਦੁਖੀਆਂ ਨੂੰ ਰਾਹਤ ਦੇਣ ਦਾ ਜਤਨ ਕੀਤਾ। ਅੰਮ੍ਰਿਤਸਰ ਦੀ ਸਾਬਕਾ ਵਿਧਾਇਕਾ ਨਵਜੋਤ ਕੌਰ ਸਿੱਧੂ ਅਤੇ ਉਸ ਦੇ ਪਤੀ ਨਵਜੋਤ ਸਿੰਘ ਸਿੱਧੂ 'ਤੇ ਉਂਗਲਾਂ ਉਠਾਈਆਂ ਜਾ ਰਹੀਆਂ ਹਨ, ਜਿਸ ਦਾ ਨਿਰਣਾ ਤਾਂ ਜਾਂਚ ਹੀ ਕਰੇਗੀ। ਚੰਗਾ ਇਹ ਹੋਇਆ ਕਿ ਨਵਜੋਤ ਸਿੰਘ ਨੇ ਦੁਰਘਟਨਾ ਵਿੱਚ ਅਨਾਥ ਅਤੇ ਬੇਸਹਾਰਾ ਹੋਏ ਸਾਰੇ ਲੋਕਾਂ ਦਾ ਤਾਉਮਰ ਹੋਣ ਵਾਲਾ ਖ਼ਰਚਾ ਆਪਣੇ ਜ਼ਿੰਮੇ ਲੈ ਲਿਆ। ਉਸ ਨੇ ਸਰਕਾਰ ਵੱਲ ਨਹੀਂ ਦੇਖਿਆ, ਸਗੋਂ ਅੰਮ੍ਰਿਤਸਰ ਦੇ ਲੋਕਾਂ ਨੂੰ ਆਪਣੇ ਪਰਵਾਰ ਵਾਂਗ ਸਮਝਦਿਆਂ ਇਹ ਕਦਮ ਉਠਾਇਆ।

ਹੁਣ ਤਾਂ ਜੋ ਹੋ ਗਿਆ ਸੋ ਹੋ ਗਿਆ, ਪਰ ਭਵਿੱਖ ਵਿੱਚ ਭੀੜ ਤੰਤਰ ਵਾਲੀਆਂ ਥਾਂਵਾਂ 'ਤੇ ਕਾਬੂ ਰੱਖਣ ਲਈ ਹੁਕਮਰਾਨਾਂ ਅਤੇ ਅਧਿਕਾਰੀਆਂ ਨੂੰ ਸਿਰ ਜੋੜ ਕੇ ਹੁਣ ਤੋਂ ਹੀ ਪੱਕੇ ਨਿਯਮ ਬਣਾਉਣੇ ਚਾਹੀਦੇ ਹਨ, ਤਾਂ ਜੁ ਅੰਵਾਈਂ ਜਾਂਦੀਆਂ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਵਰਤਾਏ ਜਾਂਦੇ ਮਨੁੱਖੀ ਭਾਣੇ ਰੱਬੀ ਭਾਣੇ ਨਾ ਬਣਾਏ ਜਾਣ।

ਕੀ ਹੁਣ ਸਰਕਾਰ ਦਰਿਆਵਾਂ, ਝੀਲਾਂ, ਸਾਗਰਾਂ, ਰੇਲ ਪਟੜੀਆਂ, ਵੱਡੀਆਂ ਸੜਕਾਂ ਅਤੇ ਹੋਰ ਖ਼ਤਰਨਾਕ ਥਾਂਵਾਂ ਨੇੜੇ ਭੀੜ ਨਾ ਜੁੜਨ ਦੇਣ ਦੇ ਜਤਨ ਕਰੇਗੀ? ਕੀ ਅਜਿਹਾ ਪ੍ਰਬੰਧ ਕੀਤਾ ਜਾਵੇਗਾ ਕਿ ਹਰ ਸ਼ਹਿਰ-ਪਿੰਡ ਵਿੱਚ ਕੀਤੇ ਜਾਂਦੇ ਮੇਲਿਆਂ, ਸਮਾਗਮਾਂ 'ਤੇ ਬਾਜ਼ ਨਿਗਾਹ ਰੱਖੀ ਜਾਵੇ, ਤਾਂ ਜੁ ਕਿਸੇ ਵੀ ਥਾਂ ਦੁਖਾਂਤਕ ਘਟਨਾ ਨਾ ਵਾਪਰੇ? ਉਮੀਦ ਹੈ ਕਿ ਹੁਕਮਰਾਨ ਬੀਤੇ ਤੋਂ ਸਿੱਖਣਗੇ।

ਜ਼ਰੂਰੀ ਹੈ ਕਿ ਹੁਕਮਰਾਨ ਰਾਜ ਦੇ ਸਾਰੇ ਅਧਿਕਾਰੀਆਂ ਨੂੰ ਸਮੇਂ-ਸਮੇਂ ਟਰੇਨਿੰਗ ਦੇਣ ਅਤੇ ਸਮੇਂ ਦੇ ਹਾਣ ਦੇ ਬਣਾਉਣ ਲਈ ਅੱਪਡੇਟ ਕਰਨ ਲਈ ਹਮੇਸ਼ਾ ਸਜੱਗ ਰਹਿਣ। ਹੁਣ ਸਮਾਂ ਅਵੇਸਲੇ ਰਹਿਣ ਦਾ ਨਹੀਂ, ਕਿਉਂਕਿ ਜਨਤਾ ਘਟਣੀ ਨਹੀਂ, ਸਗੋਂ ਨਿੱਤ ਦਿਨ ਹੀ ਵਧਦੀ ਰਹੇਗੀ। ਇਹ ਵੀ ਕਿ ਮਨੁੱਖੀ ਭਾਣੇ ਲਈ ਮਨੁੱਖਾਂ ਨੂੰ ਸਜ਼ਾ ਦਿੱਤੀ ਜਾਵੇ, ਰੱਬੀ ਭਾਣੇ ਲਈ ਸਾਨੂੰ ਰੱਬ ਤਾਂ ਲੱਭ ਸਕਣਾ ਸੰਭਵ ਨਹੀਂ ਜਾਪਦਾ।

ਰੇਲ ਹਾਦਸੇ ਵਿੱਚ ਲੋਕ ਵੀ ਹੁਸ਼ਿਆਰ ਨਹੀਂ ਰਹੇ। ਉਹ ਰੇਲ ਪਟੜੀ 'ਤੇ ਕਿਉਂ ਜਾ ਖੜ੍ਹੇ? ਗੱਡੀ ਤਾਂ ਕਿਸੇ ਵਕਤ ਵੀ ਆ ਸਕਦੀ ਹੈ, ਕਿਉਂਕਿ ਰੇਲਵੇ ਦੇ ਟਾਈਮ ਫਿਕਸ ਹਨ, ਜਿਸ ਕਾਰਨ ਮਰਨ ਵਾਲੇ ਲੋਕ-ਭਾਣੇ ਵਿੱਚ ਹੀ ਜਾਂਦੇ ਰਹੇ, ਰੱਬੀ-ਭਾਣੇ ਵਿੱਚ ਨਹੀਂ। ਇਹ ਤਾਂ ਆਮ ਜਾਣਕਾਰੀ ਦੀ ਗੱਲ ਹੈ ਕਿ ਸੜਕ ਦੇ ਵਿਚਕਾਰ ਨਾ ਖੜੇ ਹੋਈਏ, ਰੇਲ ਪਟੜੀ 'ਤੇ ਨਾ ਖੜੀਏ, ਨਾ ਹੀ ਤੁਰੀਏ ਅਤੇ ਡੂੰਘੇ ਪਾਣੀ ਵਿੱਚ ਛਾਲ ਨਾ ਮਾਰੀਏ। ਜੇ ਲੋਕ ਅਜਿਹੇ ਕੁਝ ਨੂੰ ਮੰਨਣ ਲਈ ਤਿਆਰ ਨਹੀਂ ਹੋਣਗੇ ਤਾਂ ਆਪਣੀ ਮੌਤ ਦੇ ਆਪ ਜ਼ਿੰਮੇਵਾਰ ਹੋਣਗੇ, ਜਿਵੇਂ ਕਿ ਤਾਜ਼ਾ ਰੇਲ ਹਾਦਸੇ ਵਿੱਚ ਹੋਇਆ। ਇਸ ਨੂੰ ਲੋਕ-ਭਾਣਾ ਹੀ ਕਿਹਾ ਜਾ ਸਕਦਾ ਹੈ, ਕਿਸੇ ਪਰਿਭਾਸ਼ਾ ਵਿੱਚ ਵੀ ਰੱਬੀ ਭਾਣਾ ਨਹੀਂ। ਮਰਨ ਵਾਲਿਆਂ 'ਚ ਵੱਖ-ਵੱਖ ਉਮਰ ਦੇ ਲੋਕ ਸ਼ਾਮਲ ਹਨ, ਜਿਹੜੇ ਜੇ ਅਕਲ ਵਰਤਦੇ ਤਾਂ ਨਾ ਮਨੁੱਖੀ ਭਾਣੇ ਦੇ ਸ਼ਿਕਾਰ ਹੁੰਦੇ ਅਤੇ ਨਾ ਹੀ ਰੱਬੀ ਭਾਣੇ ਦੇ।

### ਰੱਬ ਅਤੇ ਰੇਲ ਵਿਭਾਗ

ਇੱਕ ਭਾਰਤੀ ਬੰਦਾ ਸੋਚਾਂ ਵਿੱਚ ਰੱਬ ਦੇ ਕੋਲ ਪਹੁੰਚਿਆ ਅਤੇ ਸਵਾਲ ਕੀਤਾ ਕਿ ਰੇਲ ਦੀਆਂ ਬਰੇਕਾਂ ਛੇਤੀ ਕਿਉਂ ਨਹੀਂ ਲੱਗਦੀਆਂ ਅਤੇ ਚੀਕਦੀਆਂ ਹੋਈਆਂ ਦੂਰ ਜਾ ਕੇ ਕਿਉਂ ਲੱਗਦੀਆਂ ਹਨ?

ਰੱਬ ਸੋਚਾਂ ਵਿੱਚ ਡੁੱਬ ਗਿਆ ਕਿ ਮੇਰੇ ਇਥੇ ਤਾਂ ਕੋਈ ਰੇਲਾਂ ਨਹੀਂ ਚੱਲਦੀਆਂ, ਇਹ ਫੇਰ ਸਵਾਲ ਕਿਓਂ ਕਰ ਰਿਹਾ? ਭਾਰਤੀ ਬੰਦੇ ਨੇ ਰੱਬ ਨੂੰ ਸੋਚਾਂ 'ਚੋਂ ਕੱਢਣ ਲਈ ਦੱਸਿਆ ਕਿ ਉਹ ਭਾਰਤ ਤੋਂ ਆਇਆ ਹੈ। ਇਸ 'ਤੇ ਰੱਬ ਚੌਕੰਨਾ ਹੋ ਕੇ ਬੋਲਿਆ, ਦੇਖ ਬਈ ਉਹ ਜੋ ਰੇਲ ਹਾਦਸਾ ਹੋਇਆ, ਉਹ ਰੱਬੀ ਭਾਣਾ ਨਹੀਂ। ਕੋਲੋਂ ਸ਼ੈਤਾਨ ਬੋਲਿਆ, ਉਹ ਜੀ ਮੈਂ ਕਰ ਆਇਆਂ।

### ਲਤੀਫ਼ੇ ਦਾ ਚਿਹਰਾ-ਮੋਹਰਾ

ਰੱਬ ਜੀ, ਤੁਸੀਂ ਗ਼ਰੀਬ-ਗੁਰਬੇ ਅਤੇ ਜਵਾਨਾਂ ਨੂੰ ਵੀ ਮਾਰੇ ਜਾਂਦੇ ਹੋ। ਸਿਆਸਤਦਾਨਾਂ 'ਤੇ ਲੰਮੀਆਂ ਉਮਰਾਂ ਦੀ ਮਿਹਰ ਕਿਉਂ ਕੀਤੀ ਹੋਈ ਆ?

ਰੱਬ ਜੀ : ਉਹ ਮੇਰਾ ਕੰਮ ਸੌਖਾ ਹੀ ਕਰੀ ਜਾਂਦੇ ਆ। ਲੋਕਾਂ ਨੂੰ ਲੜਾਈ ਜਾਂਦੇ ਆ ਅਤੇ ਮੇਰੇ ਜਮਦੂਤਾਂ ਬਿਨਾਂ ਮੇਰੇ ਕੋਲ ਭੇਜੀ ਜਾਂਦੇ ਆ।

# ਭਾਰਤੀ ਕਰੰਸੀ ਆਦਿ ਤੋਂ ਹੁਣ ਤਕ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਹਰ ਦੇਸ਼, ਕੌਮ, ਮਜ਼ਬ, ਰਾਸ਼ਟਰ ਦੀ ਆਪਣੀ ਕਰੰਸੀ/ਮੁਦਰਾ ਹੁੰਦੀ ਹੈ। ਆਦਿ ਕਾਲ ਤੋਂ ਸਮੇਂ ਸਮੇਂ ਦੀਆਂ ਹਕੂਮਤਾਂ ਨੇ ਆਪਣੀ ਆਪਣੀ ਕਰੰਸੀ ਬਣਾ ਕੇ ਆਪਣੀ ਵੱਖਰੀ ਹੈਸੀਅਤ ਅਤੇ ਪਹਿਚਾਣ ਬਣਾਈ ਅਤੇ ਬਣਾਉਣ ਦੀ ਕੋਸ਼ਿਸ਼ ਕੀਤੀ। ਭਾਰਤੀ ਜਿਸ ਕਰੰਸੀ ਵਿੱਚ ਧਨ ਦੌਲਤਾਂ ਦੀ ਗਿਣਤੀ ਮਿਣਤੀ ਕਰਦੇ ਹਨ, ਉਹ ਹੈ-ਰੁਪਿਆ।

ਭਾਵੇਂ ਅੱਜ ਅਸੀਂ 100 ਪੈਸੇ ਦਾ 1 ਰੁਪਿਆ ਮੰਨਦੇ ਹਾਂ, ਪਰ ਬੀਤੇ ਸਮੇਂ ਪੈਸਿਆਂ ਤੋਂ ਇਲਾਵਾ ਵੀ ਕਰੰਸੀ ਹੁੰਦੀ ਸੀ। ਇਸ ਰੁਪਏ ਦੀ ਕਰੰਸੀ ਅਜੋਕੇ ਰੂਪ ਚ ਆਉਣ ਲਈ ਵੱਖ ਵੱਖ ਪੜਾਵਾਂ ਚੋਂ ਗੁਜਰੀ ਹੈ।" ਕਿਵੇਂ ਬਣਿਆ ਰੁਪਈਆ" ਦਾ ਇਤਿਹਾਸ ਬਾਰੇ ਆਓ ਜਾਣੀਏ। ਪਹਿਲਾਂ ਫੁੱਟੀ ਕੌਡੀ ਤੋਂ ਕਰੰਸੀ ਦੀ ਸ਼ੁਰੂਆਤ ਹੋਈ, ਜੋ ਸਮਾਂ ਪੈਣ ਤੇ ਬਾਅਦ ਵਿੱਚ ਕੌਡੀ ਵਿੱਚ ਤਬਦੀਲ ਹੋ ਗਈ। ਫਿਰ ਕੌਡੀ ਤੋਂ ਦਮੜੀ ਬਣ ਗਈ। ਇਸੇ ਤਰ੍ਹਾਂ ਦਮੜੀ ਤੋਂ ਧੇਲਾ, ਧੇਲਾ ਤੋਂ ਪਾਈ,ਪਾਈ ਤੋਂ ਪੈਸਾ, ਪੈਸਾ ਤੋਂ ਆਨਾ ਬਣਦੇ ਬਣਦੇ ਆਖਿਰ ਵਿੱਚ ਹਥਲਾ ਰੁਪਿਆ ਹੋਂਦ ਵਿੱਚ ਆਇਆ। ਇਹ ਕਰੰਸੀ ਇਸ ਤਰ੍ਹਾਂ ਅੱਗੇ ਦੀ ਕਰੰਸੀ ਦੀ ਰਕਮ ਬਣਦੀ ਸੀ।

3 ਫੁੱਟੀ ਕੌਡੀ = 1 ਕੌਡੀ
10 ਕੌਡੀਆਂ =1 ਦਮੜੀ
2 ਦਮੜੀ ਜਾਂ ਡੇਢ ਪਾਈ=1 ਧੇਲਾ
3 ਪਾਈ =1 ਪੈਸਾ ਪੁਰਾਣਾ
4 ਪੈਸੇ =1 ਆਨਾ
16 ਆਨੇ=1 ਰੁਪਿਆ
256ਦਮੜੀ=192 ਪਾਈ=128 ਧੇਲਾ
16 ਆਨੇ=64 ਪੈਸੇ ਪੁਰਾਣੇ=1 ਰੁਪਿਆ
ਹੁਣ 100 ਪੈਸੇ =1 ਰੁਪਿਆ
78 ਪੈਸੇ=1 ਟਕਾ







ਜਿਵੇਂ 100 ਪੈਸੇ ਜੋੜ ਕੇ 1 ਰੁਪਿਆ ਬਣਦਾ ਹੈ, ਇਸੇ ਤਰ੍ਹਾਂ 3 ਫੁੱਟੀਆਂ ਕੌਡੀਆਂ ਇੱਕ ਕੌਡੀ ਦੇ ਬਰਾਬਰ ਹੁੰਦੀਆਂ ਸਨ। ਸੋ 10 ਕੌਡੀਆਂ ਜੋੜ ਕੇ ਇੱਕ ਦਮੜੀ ਬਣਦੀ ਸੀ। ਦੋ ਦਮੜੀਆਂ ਜਾਂ ਡੇਢ ਪਾਈ ਦਾ ਇੱਕ ਧੇਲਾ, 3 ਪਾਈਆਂ ਦਾ ਇੱਕ ਪੈਸਾ (ਪੁਰਾਣਾ), 4 ਪੈਸਿਆਂ ਦਾ ਇੱਕ ਆਨਾ, 16 ਆਨਿਆਂ ਦਾ ਇੱਕ ਰੁਪਿਆ ਹੁੰਦਾ ਸੀ। ਇਸੇ ਤਰ੍ਹਾਂ 256 ਦਮੜੀਆਂ ਦੀ ਕੀਮਤ 192 ਪਾਈਆਂ ,192 ਪਾਈਆਂ 128 ਧੈਲਿਆਂ ਦੀ ਕੀਮਤ ਦੇ ਬਰਾਬਰ ਸੀ। ਪੁਰਾਣੇ 64 ਪੈਸੇ ਜਾਂ 16 ਆਨਿਆਂ ਦੀ ਕੀਮਤ 1 ਰੁਪਏ ਸੀ।

ਇਸ ਤੋਂ ਇਲਾਵਾ ਡਬਲੀ ਪੈਸਾ, ਗਲੀ ਵਾਲਾ ਪੈਸਾ, ਖੋਟਾ ਪੈਸਾ, ਤਾਂਬੇ ਦੇ ਸਿੱਕੇ ਆਦਿ ਵੀ ਹੋਂਦ ਵਿੱਚ ਆਏ ਸਨ। ਸਿੱਖ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਨੇ "ਆਕਾਲ ਸਹਾਇ" ਲਿਖੇ ਸਿੱਕਿਆਂ ਦੀ ਕਰੰਸੀ ਚਲਾਈ ਸੀ। ਜਿਵੇਂ ਜਿਵੇਂ ਸਮੇਂ ਦੀਆਂ ਹਕੂਮਤਾਂ ਦਾ ਭਾਰਤ ਉੱਪਰ ਕਬਜਾ ਹੁੰਦਾ ਗਿਆ, ਕਰੰਸੀ ਦਾ ਰੂਪ ਵੀ ਸਮੇਂ ਮੁਤਾਬਿਕ ਬਦਲਦਾ ਗਿਆ। ਪਹਿਲਾਂ ਪਹਿਲ ਇੱਕ ਪਾਈਸ, ਇੱਕ ਪੈਸਾ, ਅੱਧਾ ਆਨਾ, ਦੋ ਪੈਸੇ (ਦੁੱਕੀ) ਤਿੰਨ ਪੈਸੇ (ਤਿੱਕੀ), ਪੰਜ ਪੈਸੇ (ਪੰਜੀ), ਦਸ ਪੈਸੇ(ਦਸੀ) ਵੀਹ ਪੈਸੇ, ਪੱਚੀ ਪੈਸੇ, 1/4 ਰੁਪਏ,ਪੰਜਾਹ ਪੈਸੇ, 1/2 ਰੁਪਏ, ਚੁਆਨੀ (ਚਾਰ ਆਨੇ), ਅਠਾਨੀ (ਅੱਠ ਆਨੇ) ਦੇ ਸਿੱਕੇ ਵੀ ਸਰਕਾਰ ਨੇ ਚਲਾਏ ਸਨ, ਪਰ ਮਹਿੰਗਾਈ ਦੇ ਦੌਰ ਨੇ ਇਹਨਾਂ ਦੀ ਅਹਿਮੀਅਤ ਅਤੇ ਹੋਂਦ ਖਤਮ ਕਰ ਦਿੱਤੀ ਹੈ।

1957 ਚ 16 ਆਨਿਆਂ ਨੂੰ 100 ਪੈਸੇ ਚ ਵੰਡ ਦਿੱਤਾ ਗਿਆ ਸੀ। ਆਜ਼ਾਦੀ ਤੋਂ ਪਹਿਲਾਂ 1 ਰੁਪਏ ਦੀ ਕੀਮਤ 13 ਡਾਲਰ ਦੇ ਬਰਾਬਰ ਸੀ। ਕਰੰਸੀ ਦੀ ਮਨੁੱਖੀ ਜਿੰਦਗੀ ਚ ਅਹਿਮੀਅਤ ਕਿਸੇ ਤੋਂ ਵੀ ਲੁਕੀ ਨਹੀਂ ਹੈ। ਸ਼ਾਇਦ ਏਸੇ ਕਰਕੇ ਕਰੰਸੀ ਜਾਂ ਮੁਦਰਾ ਨੂੰ ਲੈਕੇ ਕਈ ਆਖਾਣ ਅਤੇ ਮੁਹਾਵਰੇ ਪ੍ਰਚਲਿਤ ਹਨ, ਜਿਵੇਂ:-

ਇੱਕ ਫੁੱਟੀ ਕੌਡੀ ਵੀ ਨਹੀਂ ਦਿਉਂਗਾ,
ਚਮੜੀ ਜਾਏ ਪਰ ਦਮੜੀ ਨਾ ਜਾਏ,
ਪਾਈ ਪਾਈ ਦਾ ਹਿਸਾਬ ਰੱਖਣਾ,
ਧੇਲੇ ਦਾ ਕੰਮ ਨਹੀਂ ਕਰਦੀ ਸਾਡੀ ਬਹੂ,
ਧੇਲੇ ਦੀ ਬੁੜ੍ਹੀ ਟਕਾ ਸਿਰ ਮੁਨਾਈ,
ਟਕੇ ਦਾ ਬੰਦਾ ਨਾ ਹੋਣਾ,
ਪਾਈ ਪਾਈ ਨੂੰ ਤਰਸਣਾ,
ਤੇਰੀ ਗੱਲ ਸੋਲਾਂ ਆਨੇ ਆ ਬਾਈ,
ਟਕੇ ਵਰਗਾ ਜੁਆਬ ਦੇਣਾ,
ਟਕੇ ਦੀ ਹਾਂਡੀ ਗਈ ਕੁੱਤੇ ਦੀ ਜਾਤ ਪਛਾਣੀ ਗਈ,
ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ,
ਗੱਲ ਚਾਂਦੀ ਦੇ ਰੁਪਏ ਵਾਂਗੂੰ ਟਣਕੇ ਆਦਿ।

ਰੁਪਿਆ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ ਰੂਪ ਜਾਂ ਰੂਪਿਆਹ ਤੋਂ ਹੋਈ ਹੈ, ਜਿਸਦਾ ਅਰਥ ਕੱਚੀ ਚਾਂਦੀ ਹੁੰਦਾ ਹੈ ਅਤੇ ਰੂਪਿਅਕੰ ਦਾ ਅਰਥ ਚਾਂਦੀ ਦਾ ਸਿੱਕਾ ਹੈ। ਰੁਪਿਆ ਸ਼ਬਦ ਦਾ ਪ੍ਰਯੋਗ ਸਭ ਤੋਂ ਸ਼ੇਰ ਸ਼ਾਹ ਸੂਰੀ ਨੇ ਭਾਰਤ ਵਿੱਚ ਆਪਣੇ ਸ਼ਾਸਨ (1540 ਤੋਂ 1545) ਦੇ ਦੌਰਾਨ ਕੀਤਾ ਸੀ।

ਸ਼ੇਰ ਸ਼ਾਹ ਸੂਰੀ ਨੇ ਆਪਣੇ ਸ਼ਾਸਨ ਕਾਲ ਵਿੱਚ ਜੋ ਰੁਪਿਆ ਚਲਾਇਆ ਉਹ ਇੱਕ ਚਾਂਦੀ ਦਾ ਸਿੱਕਾ ਸੀ ਜਿਸਦਾ ਭਾਰ 178 ਗਰੇਨ (11.534 ਗਰਾਮ) ਦੇ ਲੱਗਭੱਗ ਸੀ। ਉਸਨੇ ਤਾਂਬੇ ਦਾ ਸਿੱਕਾ ਜਿਸ ਨੂੰ ਦਾਮ ਅਤੇ ਸੋਨੇ ਦਾ ਸਿੱਕਾ ਜਿਸ ਨੂੰ ਮੋਹਰ ਕਿਹਾ ਜਾਂਦਾ ਸੀ ਨੂੰ ਵੀ ਚਲਾਇਆ। ਬਾਅਦ ਵਿੱਚ ਇਸਨੂੰ ਲੰਮੇ ਸਮੇਂ ਤੱਕ ਸੁਡੋਲ ਰੱਖਣ ਲਈ ਹੋਰ ਇਸ ਵਿੱਚ ਹੋਰ ਧਾਤਾਂ ਤਾਂਬੇ ਨੂੰ ਮਿਲਾਕੇ ਕਰੰਸੀ ਚਲਾਈ।

ਪਰ ਮਹਿੰਗਾਈ ਵਧ ਜਾਣ ਨਾਲ ਇੱਕ ਰੁਪਏ,ਦੋ ਰੁਪਏ, ਪੰਜ ਰੁਪਏ, ਦਸ ਰੁਪਏ ਦੇ ਸਿੱਕੇ ਅਤੇ ਨੋਟ ਭਾਵੇਂ ਮਾਰਕੀਟ ਵਿੱਚ ਚਲ ਰਹੇ ਹਨ, ਪਰ ਸਰਕਾਰ ਇਹਨਾਂ ਨੂੰ ਵੀ ਬੰਦ ਕਰਨ ਦੀ ਸੋਚ ਰਹੀ ਹੈ, ਕਿਉਂਕਿ ਟਕਸਾਲ ਵਿੱਚ ਇਹਨਾਂ ਦੀ ਛਪਾਈ ਉੱਪਰ ਉਹਨਾਂ ਦੀ ਕੀਮਤ ਨਾਲੋਂ ਵੀ ਵੱਧ ਖਰਚਾ ਆਉਂਦਾ ਹੈ।

ਅੰਗਰੇਜ਼ੀ ਹਕੂਮਤ ਸਮੇਂ ਰਿਜਰਵ ਬੈਂਕ ਨੇ 1938 ਵਿੱਚ 5 ਰੁਪਏ ਅਤੇ 10000 ਰੁਪਏ ਦੇ ਨੋਟ ਛਪਾਈ ਦੀ ਸ਼ੁਰੂਆਤ ਕੀਤੀ ਸੀ,1978 'ਚ 10000 ਰੁਪਏ ਦੇ ਨੋਟ ਨੂੰ ਸਰਕਾਰ ਨੇ ਬੰਦ ਕਰ ਦਿੱਤਾ ਸੀ।

ਸਰਕਾਰ ਨੇ 500 ਰੁਪਏ ਦਾ ਨੋਟ 1987 ਵਿੱਚ ਅਤੇ 1000 ਰੁਪਏ ਦਾ ਨੋਟ ਸੰਨ 2000 ਚ ਛਾਪਣਾ ਸ਼ੁਰੂ ਕੀਤਾ ਸੀ। ਜਿੰਨਾ ਨੂੰ ਬੰਦ ਕਰ ਦਿੱਤਾ ਹੈ। ਹੁਣ 50 ਰੁਪਏ,100 ਰੁਪਏ, 200 ਰੁਪਏ, 500 ਰੁਪਏ ਅਤੇ 2000 ਰੁਪਏ ਦੇ

**ਨੋਟ-** ਭਾਰਤੀ ਰਿਜਰਵ ਬੈਂਕ ਨੇ ਬਾਜ਼ਾਰ ਵਿੱਚ ਖਰੀਦੋ ਫਰੋਖਤ ਲਈ ਉਤਾਰੇ ਹਨ। ਇਸ ਤਰ੍ਹਾਂ ਵੱਖ ਵੱਖ ਪੜਾਵਾਂ ਨੂੰ ਪਾਰ ਕਰਦੀ ਅਜੋਕੀ ਕਰੰਸੀ ਹੋਂਦ ਵਿੱਚ ਆਈ ਹੈ।

# ਇਹ ਪਰਿਵਰਤਨ ਦਾ ਦੌਰ ਹੈ

## ਆਪਣੀ ਕਰਨੀ ਆਪਣਾ ਅੰਬਰ

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ
91-9478730156



## ਇਕ ਨਵੇਂ ਸਮਾਜ ਨੂੰ ਸਿਰਜਣ ਦਾ ਸਮਾਂ ਹੈ, ਦੋਸਤੋ ...

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ ਪੰਜਾਬੀ ਭਾਸ਼ਾ ਦੇ ਲੇਖਕ ਹੀ ਨਹੀਂ, ਸਗੋਂ ਹਿੰਦੀ, ਅੰਗਰੇਜ਼ੀ ਤੇ ਉਰਦੂ ਭਾਸਾ ਦੇ ਨਾਲ ਮੀਡੀਆ ਸ਼ਖਸੀਅਤ ਦੇ ਤੌਰ 'ਤੇ ਦੇਸ਼ ਦੇ ਇਕ ਚਰਚਿਤ ਲੇਖਕ ਤੇ ਅਧਿਆਪਕ ਹਨ। ਡਾ. ਰੱਤੂ ਭਾਰਤੀ ਪ੍ਰਸਾਰਣ ਸੇਵਾ ਦੇ ਸਾਬਕਾ ਅਧਿਕਾਰੀ ਤੇ ਦੂਰਦਰਸ਼ਨ ਭਾਰਤੀ ਟੈਲੀਵਿਜ਼ਨ ਦੇ ਸਾਬਕਾ ਡਾਇਰੈਕਟਰ ਰਹੇ ਹਨ ਤੇ 71 ਤੋਂ ਜ਼ਿਆਦਾ ਪੁਸਤਕਾਂ ਦੇ ਲੇਖਕ ਹਨ। ਪਿਛਲੇ ਦਿਨੀਂ ਉਹ ਡਾਇਰੈਕਟਰ ਮੀਡੀਆ ਤੇ ਮੁਖੀ ਪੱਤਰਕਾਰਿਤਾ ਜਨ-ਸੰਚਾਰ ਵਿਭਾਗ ਡੀ. ਏ. ਵੀ. ਯੂਨੀਵਰਸਿਟੀ ਜਲੰਧਰ ਵੀ ਰਹੇ ਹਨ। ਦੇਸ਼ ਦੀਆਂ ਕਈ ਜਥੇਬੰਦੀਆਂ ਨਾਲ ਸਿੱਧੇ ਜੁੜੇ ਹੋਏ ਡਾ. ਰੱਤੂ ਨੇ 'ਦੇਸ਼ ਦੁਆਬਾ' ਲਈ ਆਪਣਾ ਚਰਚਿਤ ਕਾਲਮ (ਆਪਣੀ ਧਰਤੀ ਆਪਣਾ ਅੰਬਰ) ਲਿਖਣ ਦੀ ਸਹਿਮਤੀ ਦਿੱਤੀ ਹੈ। ਉਮੀਦ ਹੈ ਡਾ. ਕ੍ਰਿਸ਼ਨ ਕੁਮਾਰ ਰੱਤੂ ਦਾ ਇਹ ਕਾਲਮ ਪੂਰੀ ਦੁਨੀਆਂ ਵਿਚ ਬੈਠੇ ਪੰਜਾਬੀ ਪਾਠਕਾਂ ਲਈ ਗਿਆਨ 'ਚ ਹੋਰ ਵੀ ਵਾਧਾ ਕਰੇਗਾ ਤੇ ਇਸ 'ਤੇ ਤੁਹਾਡੇ ਪ੍ਰਤੀਕਰਮ ਤੇ ਸੁਝਾਅ/ਰਾਵਾਂ ਦੀ ਇੰਤਜ਼ਾਰ ਰਹੇਗੀ। ਇਸ ਕੜੀ 'ਚ ਅੱਜ ਹੈ ਇਸ ਦੀ ਪਹਿਲੀ ਪੇਸ਼ਕਾਰੀ ਤੁਹਾਡੀ ਨਜ਼ਰ। **– ਸੰਪਾਦਕ**

ਜੇਕਰ ਅਜੇ ਵੀ ਨਹੀਂ ਜਾਗੇ ਤਾਂ ਫਿਰ ਸ਼ਾਇਦ ਬਹੁਤ ਦੇਰ ਹੋ ਚੁੱਕੀ ਹੋਵੇਗੀ। ਇਤਿਹਾਸ ਸਾਡੀ ਬੇਰੁੱਖੀ ਅਵੇਸਲੇਪਣ ਅਤੇ ਆਪਸੀ ਫੁੱਟ ਕਾਰਨ ਸਦੀਆਂ ਤੋਂ ਸਾਡੀ ਅਵਹੇਲਨਾ ਕਰਦਾ ਰਿਹਾ। ਕੀ ਤੁਸੀਂ ਚਾਹੁੰਦੇ ਹੋ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਉਹੀ ਸੰਤਾਪ, ਦੁੱਖ ਦਰਦ ਤੇ ਮਾਨਸਿਕ-ਸਮਾਜਿਕ ਪੀੜਾ ਨੂੰ ਭੋਗਣ, ਜਿਸ ਨੂੰ ਅਸੀਂ ਹੁਣ ਤੱਕ ਤੇ ਸਾਡੇ ਪੁਰਖੇ ਭੋਗਦੇ ਆ ਰਹੇ ਹਨ।

ਸਮਾਜ ਦੇ ਸੁਧਾਰਕ ਪੂਰੀ ਦੁਨੀਆਂ ਵਿਚ ਸਾਡੇ ਸਾਹਮਣੇ ਹਨ। ਮਾਰਟਿਨ ਲੂਥਰ ਕਿੰਗ ਤੇ ਡਾ. ਅੰਬੇਡਕਰ ਵਰਗੇ ਲੋਕ ਲੋਹ ਪੁਰਸ਼ ਤੇ ਮਹਾਂਪੁਰਸ਼ ਬਣ ਕੇ ਸਾਹਮਣੇ ਆਏ। ਮਹਾਤਮਾ ਜੋਤੀ ਰਾਓ ਫੂਲੇ ਦੀ ਕਲਪਨਾ ਉਸ ਵੇਲੇ ਕਰਨਾ ਤੁਹਾਡੇ ਸੰਘਰਸ਼ ਅਤੇ ਦੁਸ਼ਵਾਰੀਆਂ ਤੋਂ ਕਿਤੇ ਬਾਹਰ ਦੀ ਗੱਲ ਹੈ।

ਪਿਛਲੀ ਇਕ ਸਦੀ ਪੂਰੀ ਦੁਨੀਆਂ ਵਿਚ ਤਬਦੀਲੀਆਂ ਦੀ ਸਦੀ ਰਹੀ ਹੈ। ਪ੍ਰਵਾਸ ਤੇ ਉਠਾਪਟਕ ਨੇ ਆਪਣੀਆਂ ਭੂਗੋਲਿਕ ਸੀਮਾਵਾਂ ਨੂੰ ਤੋੜ ਕੇ ਦੇਸ਼ ਦੇਸ਼-ਦੇਸ਼ਾਂਤਰਾਂ ਨੇ ਨਾਂ ਹੀ ਨਹੀਂ ਉਹਨਾਂ ਦੀ ਪਹਿਚਾਣ ਵੀ ਬਦਲੀ ਹੈ। ਨਵੇਂ ਦੇਸ਼ ਨਵੇਂ ਲੋਕ, ਨਵੀਂ ਦੁਨੀਆਂ, ਨਵੇਂ ਪ੍ਰਯੋਗ ਅਰਥਾਤ 20ਵੀਂ ਸਦੀ ਤੱਕ ਪਹੁੰਚਦੇ-ਪਹੁੰਚਦੇ ਸਭ ਕੁਝ ਬਦਲ ਗਿਆ ਹੈ। ਸਾਡਾ ਭਾਰਤੀ ਸਮਾਜ ਵੀ ਤੇਜ਼ੀ ਨਾਲ ਬਦਲਿਆ ਹੈ। ਪਰ ਅਫਸੋਸ ਹੈ ਕਿ ਜੇਕਰ ਤੁਸੀਂ ਬਦਲੇ ਨਹੀਂ ਤਾਂ ਕਸੂਰ ਕਿਸਦਾ ਹੈ।

### ਅਸੀਂ ਵੀ ਬਦਲੇ ਹਾਂ

ਪਰ ਅਸੀਂ ਆਪਣੇ ਆਪ ਨੂੰ ਸੰਗਠਿਤ ਤੇ ਏਕਤਾ 'ਚ ਪਰੋ ਨਹੀਂ ਸਕੇ। ਇਸ ਲਈ ਮੁਸਲਮਾਨ ਵੋਟਰਾਂ ਵਾਂਗ ਭਾਰਤੀ ਲੋਕਤੰਤਰ ਦਾ ਇਕ ਵੱਡਾ ਵੋਟ ਬੈਂਕ ਵੱਖ-ਵੱਖ ਰਾਜਸੀ ਪਾਰਟੀਆਂ ਦੀ ਇਕ ਵੱਡੀ ਜ਼ਰੂਰਤ ਬਣ ਗਏ ਹਾਂ, ਜਿਸਨੇ ਆਪਣੀ-ਆਪਣੀ ਸੁਵਿਧਾ ਅਨੁਸਾਰ ਤੁਹਾਨੂੰ ਵੰਡ ਕੇ ਆਪਣਾ ਹਿੱਤ ਸਾਧਨਾ ਸ਼ੁਰੂ ਕਰ ਦਿੱਤਾ ਹੈ। ਭਾਰਤੀ ਡੈਮੋਕ੍ਰੇਸੀ ਵਿਚ ਪਿਛਲੇ 70 ਵਰ੍ਹਿਆਂ ਤੋਂ ਇਹੀ ਕੁਝ ਹੋ ਰਿਹਾ ਹੈ। ਪਰ ਤੁਸੀਂ ਸਮਝ ਹੀ ਨਹੀਂ ਰਹੇ।

ਸਾਡੀ ਸਮੱਸਿਆ ਸਾਡੇ ਨਵੇਂ ਬਣ ਰਹੇ ਸਮਾਜ ਸੰਦਰਭ ਦੇ ਤਾਣੇ-ਬਾਣੇ ਨੂੰ ਨਾ ਸਮਝਣ ਕਾਰਨ ਹੋਈ ਗਲਤਫਹਿਮੀ ਵੀ ਹੋ ਸਕਦੀ ਹੈ। ਨਵਾਂ ਤਾਣਾ-ਬਾਣਾ ਤੁਹਾਡੀ ਆਬਾਦੀ ਦਾ ਵੱਡਾ ਪ੍ਰਤੀਸ਼ਤ ਅੱਜ ਵੀ ਗੁਲਾਮੀ 'ਚ ਜੀਅ ਰਿਹਾ ਹੈ। ਭਾਵੇਂ ਪੰਜਾਬ ਤੇ ਭਾਰਤ ਦੇ ਸ਼ਹਿਰੀ ਸਮਾਜ 'ਚ ਪਿਛੜਿਆਂ ਅਤੇ ਭਾਰਤ ਦੇ ਸਮਾਜ ਵਿਚ 'ਮਾਈਨਾਰਟੀ' ਦੀ ਸ਼ਕਲ 'ਚ ਇਹ ਸਮਾਜ ਹੁਣ ਨਵੀਂ ਕਰਵਟ ਲੈ ਰਿਹਾ ਹੈ।

ਭਾਰਤ ਦੀ ਪ੍ਰਤੀਸ਼ਤ ਅਨੁਪਾਤ ਦੀ ਆਬਾਦੀ 'ਚ ਪਿਛੜਾ ਤੇ ਦਲਿਤ ਵਰਗ ਨਵੀਂ ਦੁਨੀਆਂ ਲੋਚਦਾ ਹੈ ਅਤੇ ਨਵੇਂ ਸਰਵੇਖਣ ਅਨੁਸਾਰ 14.7 ਪ੍ਰਤੀਸ਼ਤ ਲੋਕ ਹੁਣ ਪੜ੍ਹਾਈ ਦੇ ਨਾਲ ਸਾਧਨ ਸੰਪੰਨ ਵੀ ਹੋ ਸਕੇ ਹਨ। ਪੰਜਾਬ 'ਚ ਤਾਂ ਇਹ ਅਨੁਪਾਤ 27 ਪ੍ਰਤੀਸ਼ਤ ਹੈ। ਅਸੀਂ ਆਪ ਦੀ ਆਵਾਜ਼ ਆਪਣੇ ਹੱਕਾਂ ਲਈ ਬੁਲੰਦ ਕਰ ਸਕਦੇ ਹਾਂ। ਵਿਦੇਸ਼ਾਂ ਵਿਚ ਵੀ ਸਾਡੇ ਸਮਾਜ ਦੇ ਲੋਕ ਵੱਡੀ ਗਿਣਤੀ ਵਿਚ ਵਧੀਆ ਜੌਬਾਂ ਤੇ ਬਿਜ਼ਨਸ ਵਿਚ ਸੈਟਲ ਹੋ ਗਏ ਹਨ ਤੇ ਹੋ ਰਹੇ ਹਨ। ਪਰ ਤੁਹਾਡੀ ਅਸਲੀ ਪਹਿਚਾਣ ਦੀ ਤਲਾਸ਼ ਦਾ ਮੁੱਖ ਮਾਰਗ ਤੇ ਚਿਹਰਾ ਗਾਇਬ ਹੈ। ਡਾ. ਅੰਬੇਡਕਰ ਜੀ ਨੇ ਸਿੱਖਿਆ ਤੇ ਗਿਆਨ ਨੂੰ ਸੰਘਰਸ਼ ਨਾਲ ਜੋੜ ਕੇ ਸਮਾਜਿਕ ਪਰਿਵਰਤਨ ਲਹਿਰ ਨਾਲ ਇਕ ਨਵੇਂ ਸਮਾਜ ਤੇ ਲੋਕ ਸਮਤਾ ਦਾ ਸੁਪਨਾ ਵੇਖਿਆ ਸੀ ਪਰ ਅੱਜ ਉਹ ਸੁਪਨਾ ਕਿੱਥੇ ਹੈ। ਭਾਰਤ ਵਿਚ ਜਿਸ ਤਰ੍ਹਾਂ ਅਲੱਗ-ਅਲੱਗ ਰਾਜਨੀਤਿਕ ਪਾਰਟੀਆਂ ਨੇ ਆਪਣੇ ਆਪਣੇ ਰਾਜਨੀਤਿਕ ਮੌਕਿਆਂ ਲਈ ਸਾਨੂੰ ਵਰਤਿਆ ਹੈ ਤੇ ਕਿਸ ਤਰ੍ਹਾਂ ਸਾਡੇ ਅਖੌਤੀ ਰਾਜਨੀਤਿਕ ਆਗੂ ਸਮੇਂ-ਸਮੇਂ 'ਤੇ ਆਏ ਤੇ ਆਪਣਾ ਮਕਸਦ ਸਾਧ ਕੇ ਅਲੱਗ-ਅਲੱਗ ਲੋਕਾਂ ਦੇ ਪਿਆਦੇ ਬਣ ਕੇ ਖਤਮ ਹੋ ਗਏ। ਸਮਾਜ ਦੀ ਹਾਲਤ ਉਹੋ ਰਹੀ ਹੈ, ਦ੍ਰਿਸ਼ਾਹੀਣ ਤੇ ਦਿਸ਼ਾ ਰਹਿਤ।

ਅੱਜ ਭਾਰਤੀ ਰਾਜਨੀਤੀ ਵਿਚ ਭਾਵੇਂ ਮਾਇਆਵਤੀ ਤੇ ਦੂਜੇ ਲੋਕ ਸਰਗਰਮ ਹਨ ਪਰ ਪਹਿਚਾਣ ਦੀ ਤਲਾਸ਼ ਵਿਚ ਅਜੇ ਵੀ ਸਾਰੇ ਭਟਕੇ ਹੋਏ ਹਨ। ਕਿਸੇ ਵੀ ਯਾਦ ਕਰਾਇਆ ਜਾ ਸਕਦੈ ਕਿ ਅਜੇ ਵੀ ਅਸੀਂ ਕਿਸੇ ਉਸ ਨੇਤਾ ਦੀ ਤਲਾਸ਼ ਵਿਚ ਭਟਕ ਰਹੇ ਹਾਂ, ਜੋ ਇਹਨਾਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੀਆਂ ਤਹਿਆਂ 'ਚੋਂ ਉਪਰ ਉੱਠ ਕੇ ਇਕ ਨਵੀਂ ਚੇਤਨਾ ਤੇ ਨਵੇਂ ਸਮਾਜ ਦੀ ਨਵੀਂ ਸਿਰਜਣਧਾਰਾ ਦੀ ਵਿਚਾਰਕ ਸ਼ਕਤੀ ਦਾ ਪ੍ਰਗਟਾ ਕਰਦਾ ਹੋਵੇ।

ਬਾਬੂ ਕਾਂਸ਼ੀ ਰਾਮ ਨਾਲ ਲੱਗਿਆ ਸੀ ਕਿ ਇਹ ਘਾਟ ਪੂਰੀ ਹੋ ਜਾਵੇਗੀ ਪਰ ਉਹਨਾਂ ਦੀ ਮੌਤ ਨਾਲ ਫਿਰ ਅਧੂਰੀ ਰਹਿ ਗਈ। ਹੁਣ ਸਵਾਲ ਇਹ ਹੈ ਕਿ ਅਸੀਂ ਆਪਣੀ ਪਹਿਚਾਣ ਦੀ ਤਲਾਸ਼ ਦੇ ਚਿਹਰੇ ਕਿਸ ਰਾਜਨੀਤੀ ਨਾਲ ਅੱਗੇ ਵਧਾਈਏ।

ਦੋਸਤੋ! ਇਹ ਸਭ ਸੰਭਵ ਹੈ। ਮੈਨੂੰ ਇਹ ਪੰਕਤੀਆਂ ਕਈ ਵਾਰ ਬੇਹੱਦ ਤਾਕਤ ਦਿੰਦੀਆਂ ਹਨ, ਜਿਸ ਵਿਚ ਕਿਹਾ ਗਿਆ ਹੈ- ਤੁਸੀਂ ਜ਼ਿੰਦਾ ਰਹਿ ਸਕਦੇ ਹੋ ਜੇਕਰ ਤੁਹਾਡਾ ਦਿਮਾਗ ਸਹੀ ਦਿਸ਼ਾ ਵੱਲ ਅੱਗੇ ਵੱਧ ਰਿਹਾ ਹੈ।

ਜਦੋਂ ਤੁਸੀਂ ਚੱਲੇ ਸੀ
ਤਾਂ ਕੀ ਸੀ-
ਹੁਣ ਅਫਸੋਸ ਕਾਹਦਾ
ਅਫਸੋਸ ਸਮੇਂ ਦਾ ਹੈ
ਜਿਸ ਨੂੰ ਅਸੀਂ ਆਪਣੀਆਂ
ਹਥੇਲੀਆਂ 'ਚ ਕੈਦ ਨਾ ਕਰ ਸਕੇ
ਹੁਣ ਸਮਾਂ ਸਾਡੇ ਵੱਲ ਵੇਖਕੇ
ਮੁਸਕਰਾਉਂਦਾ ਹੈ।

ਇਹ ਦੁਖਾਂਤ ਹੋ ਸਕਦਾ ਹੈ। ਸਮਾਜ ਦੀ ਪਹਿਚਾਣ ਦਾ। ਪੂਰੇ ਭਾਰਤ ਦੀ ਸਮਾਜਿਕ ਪਹਿਚਾਣ ਦਾ ਚਿਹਰਾ ਸਾਡਾ ਪਿਛੜਿਆ ਹੋਇਆ ਸਮਾਜ ਹੈ ਤੇ ਪੜ੍ਹਿਆ-ਲਿਖਿਆ ਤਬਕਾ ਉਸਦਾ ਦਿਮਾਗ। ਸੋ ਦੋਸਤੋ! ਜੋ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਰਹਿ ਰਹੇ ਹੋ, ਜਾਗੋ! ਇਹ ਵੇਲਾ ਜਾਗਣ ਦਾ ਹੈ।
ਸਭ ਤੋਂ ਪਹਿਲਾਂ ਸਾਰਰਸਵਤ ਕੰਮ।
ਇਕੱਠੇ ਹੋ ਕੇ, ਆਪਣੀ ਹਉਮੈ ਤੇ ਆਪਸੀ ਵਿਰੋਧਾਭਾਸ ਤੋਂ ਉਪਰ ਉੱਠ ਕੇ।

ਇਕ ਅਗਵਾਈ 'ਚ ਇਕੱਠੇ ਹੋ ਕੇ ਇਕ ਵਿਸ਼ਵ ਵਿਆਪੀ ਮੰਚ ਦੀ ਸਮਾਨਤਾ ਦਾ ਉਪਰਾਲਾ। ਜਿੱਥੇ ਤੁਹਾਡੀ ਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸਿੱਖਿਆ ਤੇ ਅੱਗੇ ਵਧਣ ਦੇ ਗਲੋਬਲ ਮੌਕੇ- ਜੋ ਹਨ ਬੱਸ ਉਸੇ ਮੰਚ ਤ ਪਹੁੰਚ ਕ ਸਮਰੱਥਾ ਨਾਲ ਖੋਹਣ ਦੀ ਵਿਦਿਅਕ, ਵਿਚਾਰਕ ਤੇ ਹੌਸਲੇ ਅਗਵਾਈ ਦੀ ਜ਼ਰੂਰਤ ਹੈ।

ਇਹ ਸਦੀ ਤੇ ਨਵਾਂ ਸਮਾਂ ਤੁਹਾਡੀ ਇੰਤਜ਼ਾਰ ਕਰ ਰਿਹਾ ਹੈ ਕਿ ਉਠੋ! ਜਿੰਨੀ ਦੇਰ ਤੱਕ ਤੁਸੀਂ ਉਠ ਕੇ ਸਾਹਮਣੇ ਨਹੀਂ ਆਵੋਗੇ, ਇਹ ਮੰਚ ਤੁਹਾਡਾ ਨਹੀਂ ਹੋ ਸਕਦਾ। ਇਹ ਕੁਰਸੀ ਵੀ ਤੁਹਾਡੀ ਨਹੀਂ ਹੋ ਸਕਦੀ। ਸੋ ਜਾਗੋ ...!

### ਸਮਾਜ ਲਈ ਜਾਗਣ ਦਾ ਵੇਲਾ: ਨਵੀਂ ਜਾਗ੍ਰਤੀ ਦੀ ਹਵਾ

ਪੂਰੀ ਦੁਨੀਆਂ ਬਦਲ ਰਹੀ ਹੈ ਪਰ ਅਸੀਂ ਪੰਜਾਬੀ ਸਮਾਜ ਅਜੇ ਵੀ ਇਸ ਦਵੰਦ ਵਿਚ ਜੀਅ ਰਹੇ ਹਾਂ ਕਿ ਕੋਈ ਮਸੀਹਾ ਆਵੇਗਾ ਤੇ ਸਾਡੇ ਸਾਰੇ ਦੁੱਖ ਹਰ ਲਵੇਗਾ। ਦੋਸਤੋ! ਇਹ ਸੰਭਵ ਨਹੀਂ ਹੈ। ਜਿਸ ਤੇਜ਼ੀ ਨਾਲ ਦੁਨੀਆਂ ਇਕ ਹੋਰ ਨਵੀਂ ਦੁਨੀਆਂ ਵਿਚ ਬਦਲ ਰਹੀ ਹੈ ਉਸ ਵਿਚ ਤੁਹਾਡੀ ਹੋਂਦ ਕਿੱਥੇ ਹੈ? ਤੁਹਾਡਾ ਮੁਕਾਮ ਕਿੱਥੇ ਹੈ ਤੇ ਕਿਹੋ ਜਿਹਾ ਹੈ।

ਇਤਿਹਾਸ ਦੀ ਦੀਵਾਰ ਤੇ ਇਹ ਸਾਫ ਪੜ੍ਹਿਆ ਜਾ ਸਕਦੈ ਕਿ ਜਿਹੜੀਆਂ ਕੌਮਾਂ ਆਪਣੀ ਵਿਚਾਰਧਾਰਾ ਤੇ ਦਰਸ਼ਨ ਦੇ ਨਾਲ ਆਪਣੀ ਹੋਂਦ ਦੀ ਪਹਿਚਾਣ ਨਹੀਂ ਬਚਾ ਸਕਦੀਆਂ ਹਨ, ਉਹਨਾਂ ਦਾ ਕੋਈ ਇਤਿਹਾਸ ਬਾਕੀ ਨਹੀਂ ਰਹਿੰਦਾ ਤੇ ਇਤਿਹਾਸ ਵਿਚ ਉਹਨਾਂ ਦਾ ਕੋਈ ਨਾਮ ਲੇਵਾ ਵੀ ਨਹੀਂ ਹੁੰਦਾ ਹੈ। ਅਸੀਂ ਸਰਬ ਸੰਪੰਨ ਸਮਾਜ ਜੋ ਸਮਤਾਮੂਲਕ ਵਿਚਾਰਧਾਰਾ ਦਾ ਮੁੱਦਈ ਅਰਥਾਤ ਉਸਦਾ ਹਿੱਸਾ ਹੋਵੇ, ਲੋਚਦੇ ਹਾਂ ਪਰ ਅਸੀਂ ਜਿਸ ਭੀੜ ਵਿਚ ਆਪਣੇ ਆਪ ਨੂੰ ਬਦਲ ਲਿਆ ਹੈ, ਉਹ ਰਸਤਾ ਤੁਹਾਨੂੰ ਕਿਧਰੇ ਨਹੀਂ ਲੈ ਜਾ ਸਕਦਾ।

ਹਜ਼ਾਰਾਂ ਸਾਲਾਂ ਦਾ ਪੱਛੜਿਆ ਹੋਇਆ ਸਮਾਜ ਜੇਕਰ ਬਰਾਬਰੀ ਦਾ ਅਹਿਸਾਸ ਕਰੇ ਤਾਂ ਉਹ ਕਿਸਨੂੰ ਕਬੂਲ ਹੋਵੇਗਾ। ਤਾਜ਼ਾ ਹਵਾ ਦਾ ਝੋਂਕਾ ਕਿਸ ਨੂੰ ਚੰਗਾ ਨਹੀਂ ਲੱਗਦਾ ਹੈ।

ਤੁਸੀਂ ਹੁਣ ਆਪਣੇ ਹੱਕਾਂ ਲਈ ਖੜ੍ਹੇ ਹੋ ਰਹੇ ਹੋ ਅਤੇ ਇਹ ਦੂਜੇ ਸਮਾਜਾਂ ਲਈ ਹਜ਼ਮ ਨਹੀਂ ਹੋ ਰਿਹਾ ਹੈ। ਸਮਾਜ ਦੇ ਜਾਤੀ ਵੰਡ ਹਾਸ਼ੀਏ ਤੋਂ ਬਾਹਰ ਤੁਸੀਂ ਕਦੋਂ ਤੱਕ ਕਿਸੇ ਦੀ ਇੰਤਜ਼ਾਰ ਕਰੋਗੇ।

ਇਹ ਦੁਨੀਆਂ ਤੁਹਾਡੀ ਆਪਣੀ ਹੈ ਤੇ ਤੁਸੀਂ ਇਸ ਦੇ ਕਰਨਧਾਰ ਹੋ। ਆਓ, ਫਿਰ ਜਾਗੀਏ.. ਇਸ ਵਾਰੀ ਐਨਾ ਹੀ ਬਾਕੀ ਅਗਲੇ ਹਫਤੇ- ਅਲਵਿਦਾ।

## ਰਿਜ਼ਰਵੇਸ਼ਨ ਬਾਰੇ ਨਿਰਪੱਖ ਸੰਵਿਧਾਨਕ ਰਾਇ

# ਤਰੱਕੀਆਂ 'ਚ ਰਾਖਵਾਂਕਰਨ ਅਤੇ ਅਦਾਲਤੀ ਬੇਰੁਖ਼ੀ



ਫ਼ੈਜ਼ਾਨ ਮੁਸਤਫ਼ਾ

ਦੇਸ਼ ਦੇ ਸਾਬਕਾ ਚੀਫ਼ ਜਸਟਿਸ ਦੀਪਕ ਮਿਸ਼ਰਾ ਨੇ ਆਪਣੇ ਸੇਵਾਕਾਲ ਦੇ ਆਖ਼ਰੀ ਹਫ਼ਤੇ ਦੌਰਾਨ ਕਈ ਇਤਿਹਾਸਕ ਫ਼ੈਸਲੇ ਸੁਣਾਏ। ਇੱਕ ਪਾਸੇ ਉਨ੍ਹਾਂ ਹਮਜਿਨਸੀ ਸਬੰਧਾਂ ਤੇ ਵਿਭਚਾਰ ਨੂੰ ਕਾਨੂੰਨਨ ਜੁਰਮਾਂ ਦੇ ਦਾਇਰੇ ਤੋਂ ਬਾਹਰ ਕੱਢ ਕੇ ਸ਼ਖ਼ਸੀ ਹੱਕਾਂ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਉਥੇ ਭੀਮਾ ਕੋਰੇਗਾਓਂ ਮਾਮਲੇ ਵਿੱਚ ਉਨ੍ਹਾਂ ਜਸਟਿਸ ਏ ਐਮ ਖਾਨਵਿਲਕਰ ਨਾਲ ਰਜ਼ਾਮੰਦੀ ਜ਼ਾਹਿਰ ਕਰ ਕੇ ਕਥਿਤ ਸ਼ਹਿਰੀ ਨਕਸਲੀਆਂ ਦੀ ਸ਼ਖ਼ਸੀ ਆਜ਼ਾਦੀ ਤੱਕ ਨੂੰ ਕਮਜ਼ੋਰ ਕੀਤਾ। ਸ਼ਬਰੀਮਾਲਾ ਫ਼ੈਸਲੇ ਨੇ ਵੀ ਮੁੜ ਜ਼ਾਹਿਰ ਕੀਤਾ ਕਿ ਜਸਟਿਸ ਮਿਸ਼ਰਾ ਸਮੂਹਿਕ ਹੱਕਾਂ ਦੇ ਤਰਫ਼ਦਾਰ ਨਹੀਂ ਹਨ, ਕਿਉਂਕਿ ਉਨ੍ਹਾਂ ਅਤੇ ਬੈਂਚ ਦੇ ਹੋਰ ਬਹੁਗਿਣਤੀ ਜੱਜਾਂ ਨੇ ਇਸ ਗੱਲ ਨੂੰ ਤਸਲੀਮ ਕਰਨ ਤੋਂ ਨਾਂਹ ਕਰ ਦਿੱਤੀ ਕਿ ਭਗਵਾਨ ਅਯੱਪਾ ਦੇ ਸ਼ਰਧਾਲੂ ਨਿਵੇਕਲਾ ਧਾਰਮਿਕ ਫ਼ਿਰਕਾ ਹਨ। ਸਰਕਾਰੀ ਨੌਕਰੀਆਂ ਸਬੰਧੀ ਤਰੱਕੀਆਂ ਵਿੱਚ ਰਾਖਵੇਂਕਰਨ ਦੇ ਮਾਮਲੇ ਅਤੇ ਵਿਵਾਦਗ੍ਰਸਤ ਨਾਗਰਾਜ ਫ਼ੈਸਲੇ (2006) ਨੂੰ ਵੱਡੇ ਬੈਂਚ ਹਵਾਲੇ ਕਰਨ ਤੋਂ ਨਾਂਹ ਕਰਨਾ ਵੀ ਸਿਖਰਲੀ ਅਦਾਲਤ ਵੱਲੋਂ ਸ਼ੋਸ਼ਿਤਾਂ ਤੇ ਦਲਿਤਾਂ ਦੇ ਹਿੱਤਾਂ ਨੂੰ ਦਿੱਤੀ ਜਾਂਦੀ ਅਹਿਮੀਅਤ ਦਾ ਇੱਕ ਹੋਰ ਸੂਖਮ ਸੰਕੇਤ ਸੀ। ਸੰਵਿਧਾਨ ਦੇ ਨਿਰਮਾਤਿਆਂ ਨੇ ਸੰਵਿਧਾਨ ਵਿੱਚ ਸਮੂਹਿਕ ਹੱਕਾਂ ਨੂੰ ਇਸੇ ਕਾਰਨ ਸ਼ਾਮਲ ਕੀਤਾ ਸੀ, ਕਿਉਂਕਿ ਉਨ੍ਹਾਂ ਨੂੰ ਪੱਕਾ ਭਰੋਸਾ ਸੀ ਕਿ ਸ਼ਖ਼ਸੀ ਹੱਕ ਭਾਵੇਂ ਅਹਿਮ ਹਨ, ਪਰ ਉਹ ਆਪਣੇ ਆਪ ਵਿੱਚ ਕਾਫ਼ੀ ਨਹੀਂ।

ਜਸਟਿਸ ਆਰ ਐੱਫ਼ ਨਰੀਮਨ ਵੱਲੋਂ 48 ਪਟੀਸ਼ਨਾਂ, ਜਿਨ੍ਹਾਂ ਵਿੱਚ ਕੁੱਝ ਅਦਾਲਤੀ ਮਾਣਹਾਨੀ ਦੀਆਂ ਅਰਜ਼ੀਆਂ ਵੀ ਸਨ, ਉੱਤੇ ਸੁਣਾਇਆ 58 ਸਫ਼ਿਆਂ ਦਾ ਫ਼ੈਸਲਾ ਮੀਡੀਆ ਵੱਲੋਂ ਇਹ ਕਹਿੰਦਿਆਂ ਬਹੁਤ ਸਲਾਹਿਆ ਗਿਆ ਕਿ ਇਸ ਨੇ ਤਰੱਕੀਆਂ ਵਿੱਚ ਰਾਖਵੇਂਕਰਨ ਦਾ ਰਾਹ ਖੋਲ੍ਹ ਦਿੱਤਾ ਹੈ, ਕਿਉਂਕਿ ਇਸ ਨੇ ਨਾਗਰਾਜ ਫ਼ੈਸਲੇ ਦੀ ਉਹ ਸ਼ਰਤ ਖ਼ਤਮ ਕਰ ਦਿੱਤੀ ਜਿਸ ਰਾਹੀਂ ਐੱਸਸੀ ਅਤੇ ਐੱਸਟੀ ਵਰਗ ਨੂੰ ਤਰੱਕੀਆਂ ਵਿੱਚ ਰਾਖਵਾਂਕਰਨ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਪਛੜੇਪਣ ਸਬੰਧੀ ਪ੍ਰਮਾਣਤ ਅੰਕੜੇ ਇਕੱਤਰ ਕਰਨੇ ਲਾਜ਼ਮੀ ਕੀਤੇ ਗਏ ਸਨ।

ਉਂਝ, ਅਦਾਲਤ ਨੇ ਉਨ੍ਹਾਂ ਦੋ ਸ਼ਰਤਾਂ ਨੂੰ ਨਹੀਂ ਛੇੜਿਆ, ਜਿਹੜੀਆਂ ਨਾਗਰਾਜ ਫ਼ੈਸਲੇ ਵਿੱਚ ਗ਼ਲਤ ਢੰਗ ਨਾਲ ਸ਼ਾਮਲ ਕੀਤੀਆਂ ਗਈਆਂ ਹਨ, ਭਾਵ ਰਾਖਵੇਂ ਵਰਗਾਂ ਦੀ ਘੱਟ ਨੁਮਾਇੰਦਗੀ ਅਤੇ ਪ੍ਰਸ਼ਾਸਨ ਦੀ ਕੁਸ਼ਲਤਾ। ਇਸ ਦੀ ਥਾਂ ਅਦਾਲਤ ਨੇ ਐੱਸਸੀ/ਐੱਸਟੀ ਰਾਖਵੇਂਕਰਨ ਦੇ ਮਾਮਲੇ ਵਿੱਚ ਵੀ ਇੱਕ ਤਰ੍ਹਾਂ ਮਲਾਈਦਾਰ ਤਬਕੇ (ਕਰੀਮੀ ਲੇਅਰ) ਨੂੰ ਬਾਹਰ ਕੀਤੇ ਜਾਣ ਦੀ ਨਵੀਂ ਸ਼ਰਤ ਜੋੜ ਦਿੱਤੀ ਹੈ।

ਨਾਗਰਾਜ ਫ਼ੈਸਲੇ ਕਾਰਨ ਕਿਉਂਕਿ ਕਈ ਹਾਈ ਕੋਰਟਾਂ ਨੇ ਤਰੱਕੀਆਂ ਵਿੱਚ ਰਾਖਵਾਂਕਰਨ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਮਾਮਲੇ ਉਤੇ ਖੜੋਤ ਵਾਲੀ ਹਾਲਤ ਬਣ ਗਈ ਸੀ, ਇਸੇ ਕਾਰਨ ਅਦਾਲਤ ਨੂੰ ਇਸ 'ਤੇ ਨਜ਼ਰਸਾਨੀ ਲਈ ਆਖਿਆ ਗਿਆ ਸੀ। ਜਸਟਿਸ ਨਰੀਮਨ ਨੇ ਇਸ ਦਲੀਲ ਨੂੰ ਮਨਜ਼ੂਰ ਕੀਤਾ ਕਿ ਇੰਦਰਾ ਸਾਹਨੀ ਫ਼ੈਸਲੇ (1992) ਵਿੱਚ ਸੁਪਰੀਮ ਕੋਰਟ ਦੇ ਨੌਂ ਜੱਜਾਂ ਦੇ ਬੈਂਚ ਨੇ ਸਾਫ਼ ਆਖਿਆ ਸੀ ਕਿ ਐੱਸਸੀ ਅਤੇ ਐੱਸਟੀ ਲੋਕ, ਸਮਾਜ ਦਾ ਸਭ ਤੋਂ ਪਛੜਿਆ ਤਬਕਾ ਹਨ ਅਤੇ ਉਨ੍ਹਾਂ ਨੂੰ ਸੰਵਿਧਾਨ ਦੀ ਧਾਰਾ 341 ਤੇ 342 ਤਹਿਤ ਪ੍ਰੈਜ਼ੀਡੈਂਸ਼ੀਅਲ ਸੂਚੀ ਵਿੱਚ ਸ਼ਾਮਲ ਕੀਤਾ ਜਾਣਾ ਆਪਣੇ ਆਪ ਵਿੱਚ ਉਨ੍ਹਾਂ ਦੇ ਪਛੜੇਪਣ ਦਾ ਸੰਕੇਤ ਹੈ। ਇੰਦਰਾ ਸਾਹਨੀ ਫ਼ੈਸਲਾ ਆਖਦਾ ਹੈ ਕਿ ਇਹ ਓਬੀਸੀ ਰਾਖਵੇਂਕਰਨ ਬਾਰੇ ਹੈ ਅਤੇ 'ਇਸ ਦਾ ਅਨੁਸੂਚਿਤ ਜਾਤਾਂ-ਅਨੁਸੂਚਿਤ ਕਬੀਲਿਆਂ ਨਾਲ ਕੋਈ ਤੁਅੱਲਕ ਨਹੀਂ ਹੈ'। ਇਹੀ ਨਹੀਂ, ਅਦਾਲਤ ਨੇ ਇਹ ਵੀ ਆਖਿਆ ਸੀ ਕਿ 'ਪਛੜੇਪਣ ਦੀ ਪਰਖ ਨੂੰ ਐੱਸਸੀ/ਐੱਸਟੀ ਸਬੰਧੀ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਬਿਨਾਂ ਸ਼ੱਕ, ਨਾਗਰਿਕਾਂ 'ਚੋਂ ਪਛੜਿਆ ਵਰਗ' ਦੇ ਘੇਰੇ ਵਿੱਚ ਆਉਂਦੇ ਹਨ। ਜਸਟਿਸ ਨਰੀਮਨ ਨੇ ਇੰਦਰਾ ਸਾਹਨੀ ਫ਼ੈਸਲੇ ਦੇ ਪੈਰਾ 792 ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਅਦਾਲਤ ਨੇ ਸਾਫ਼ ਆਖਿਆ ਹੈ ਕਿ ਕਰੀਮੀ ਲੇਅਰ ਦਾ ਸਿਧਾਂਤ ਐੱਸਸੀ/ਐੱਸਟੀ ਰਾਖਵੇਂਕਰਨ ਦੇ ਮਾਮਲੇ ਵਿੱਚ ਨਹੀਂ ਲਾਗੂ ਕੀਤਾ ਜਾ ਸਕਦਾ। ਇਹੀ ਨਹੀਂ, ਅਸ਼ੋਕ ਕੁਮਾਰ ਠਾਕੁਰ ਫ਼ੈਸਲੇ (2008) ਵਿੱਚ ਵੀ ਪੰਜ ਜੱਜਾਂ ਦੇ ਬੈਂਚ ਨੇ ਸਾਫ਼ ਕੀਤਾ ਸੀ ਕਿ ਕਰੀਮੀ ਲੇਅਰ ਦਾ ਸਿਧਾਂਤ ਐੱਸਸੀ/ਐੱਸਟੀ ਰਾਖਵੇਂਕਰਨ ਵਿੱਚ ਲਾਗੂ ਨਹੀਂ ਹੁੰਦਾ, ਕਿਉਂਕਿ ਇਹ ਮਹਿਜ਼ 'ਪਛੜੇ ਵਰਗਾਂ ਦੀ ਪਛਾਣ' ਦਾ ਨਿਯਮ ਹੈ, ਇਹ 'ਬਰਾਬਰੀ ਦਾ ਸਿਧਾਂਤ' ਨਹੀਂ ਹੈ।

ਅਸ਼ੋਕ ਠਾਕੁਰ ਫ਼ੈਸਲੇ ਵਿੱਚ ਜਸਟਿਸ ਬਾਲਕ੍ਰਿਸ਼ਨ ਦੀ ਇਸ ਟਿੱਪਣੀ ਨਾਲ ਜਸਟਿਸ ਨਰੀਮਨ ਸਹਿਮਤ ਨਹੀਂ ਹੋਏ ਅਤੇ ਉਨ੍ਹਾਂ ਕਿਹਾ ਕਿ ਬਰਾਬਰੀ ਲਈ ਕਰੀਮੀ ਲੇਅਰ ਨੂੰ ਲਾਂਭੇ ਕਰਨਾ ਜ਼ਰੂਰੀ ਹੈ, ਕਿਉਂਕਿ ਬਰਾਬਰਾਂ ਤੇ ਨਾ-ਬਰਾਬਰਾਂ ਨਾਲ ਇਕੋ ਜਿਹਾ ਵਿਹਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਐੱਸਸੀ/ਐੱਸਟੀ ਰਾਖਵੇਂਕਰਨ 'ਚ ਕਰੀਮੀ ਲੇਅਰ ਕਿਸੇ ਵੀ ਤਰ੍ਹਾਂ ਪ੍ਰੈਜ਼ੀਡੈਂਸ਼ੀਅਲ ਸੂਚੀਆਂ ਨਾਲ ਛੇੜਛਾੜ ਨਹੀਂ ਕਰਦੀ, ਉਹੋ ਜਾਤਾਂ ਰਾਖਵੇਂਕਰਨ ਲਈ ਹੱਕਦਾਰ ਬਣੀਆਂ ਰਹਿਣਗੀਆਂ। ਸਿਰਫ਼ ਗ਼ੈਰ-ਪਛੜੇ ਵਰਗਾਂ, ਜਿਹੜੇ ਛੂਤਛਾਤ ਜਾਂ ਪਛੜੇਪਣ ਤੋਂ ਬਾਹਰ ਆ ਗਏ ਹਨ, ਨੂੰ ਸੰਵਿਧਾਨਿਕ ਅਦਾਲਤਾਂ ਵੱਲੋਂ ਬਾਹਰ ਰੱਖਿਆ ਜਾ ਸਕਦਾ ਹੈ ਤਾਂ ਕਿ ਸੰਵਿਧਾਨ ਦੀ ਧਾਰਾ 14 ਤਹਿਤ ਬਰਾਬਰੀ ਅਤੇ ਧਾਰਾ 16 ਤਹਿਤ ਮੌਕਿਆਂ ਦੀ ਬਰਾਬਰੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕੇ। ਇਹ ਟਿੱਪਣੀ ਕਿਉਂਕਿ ਪੰਜ ਜੱਜਾਂ ਦੇ ਬੈਂਚ ਦੀ ਰਾਇ ਨਾਲ ਮੇਲ ਨਹੀਂ ਸੀ ਖਾਂਦੀ, ਇਸ ਕਾਰਨ ਮਾਮਲਾ ਸੱਤ ਜੱਜਾਂ ਦੇ ਬੈਂਚ ਹਵਾਲੇ ਕੀਤਾ ਜਾਣਾ ਚਾਹੀਦਾ ਸੀ।

ਅਫ਼ਸੋਸਨਾਕ ਗੱਲ ਹੈ ਕਿ ਅਦਾਲਤ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਦੁਨੀਆਂ ਵਿੱਚ ਕਿਤੇ ਵੀ ਰਾਖਵਾਂਕਰਨ ਨੀਤੀਆਂ ਨੂੰ ਲਾਭਪਾਤਰੀਆਂ ਦੇ ਆਰਥਿਕ ਰੁਤਬੇ ਨਾਲ ਨਹੀਂ ਜੋੜਿਆ ਗਿਆ।

ਭਾਰਤ ਵਿੱਚ ਵੀ ਅਸੀਂ ਔਰਤਾਂ ਅਤੇ ਅਪਾਹਜਾਂ ਨੂੰ ਇਕਸਾਰ ਰਾਖਵਾਂਕਰਨ ਦਿੱਤਾ ਹੋਇਆ ਹੈ ਤੇ ਅਸੀਂ ਇਨ੍ਹਾਂ ਰਾਖਵੇਂ ਵਰਗਾਂ ਵਿੱਚ ਕਰੀਮੀ ਲੇਅਰ ਨੂੰ ਬਾਹਰ ਨਹੀਂ ਕੱਢਿਆ। ਐੱਸਸੀ/ਐੱਸਟੀ ਰਾਖਵੇਂਕਰਨ ਮੁੱਢਲੇ ਤੌਰ 'ਤੇ ਪਛੜੇਪਣ ਉਤੇ ਆਧਾਰਿਤ ਨਹੀਂ ਸਗੋਂ ਛੂਤਛਾਤ ਅਤੇ ਇਸ ਵਰਗ ਨਾਲ ਇਤਿਹਾਸਕ ਤੌਰ 'ਤੇ ਹੋਏ ਵਿਤਕਰੇ ਉਤੇ ਆਧਾਰਿਤ ਹੈ। ਇਨ੍ਹਾਂ ਦੋਵਾਂ ਚੀਜ਼ਾਂ ਨੂੰ ਹਾਲੇ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਿਆ, ਜਿਹੜਾ ਐੱਸਸੀ/ਐੱਸਟੀ ਲੋਕਾਂ ਉਤੇ ਹੁੰਦੇ ਜ਼ੁਲਮਾਂ ਅਤੇ ਮਹਿਜ਼ ਤਰੱਕੀਆਂ ਦੇ ਮਾਮਲੇ ਵਿੱਚ ਹੀ ਐੱਸਸੀ/ਐੱਸਟੀ ਕਮਿਸ਼ਨਾਂ ਕੋਲ ਕੀਤੀਆਂ ਗਈਆਂ ਵਿਤਕਰੇ ਦੀਆਂ ਕਰੀਬ 11000 ਸ਼ਿਕਾਇਤਾਂ ਤੋਂ ਜ਼ਾਹਿਰ ਹੈ। ਓਬੀਸੀ ਸੂਚੀ ਵਿੱਚ ਦਰਜ ਕੁੱਝ ਜਾਤਾਂ ਦੇ ਉਲਟ, ਹਾਲੇ ਤੱਕ ਐੱਸਸੀ/ਐੱਸਟੀ ਨਾਲ ਸਬੰਧਤ ਕੋਈ ਵੀ ਜਾਤ ਸਿਆਸੀ ਤਾਕਤ, ਸਮਾਜਿਕ ਦਬਦਬੇ ਜਾਂ ਉਚੇਰੇ ਆਰਥਿਕ ਰੁਤਬੇ ਵਾਲੀ ਨਹੀਂ ਹੈ।

ਕਰੀਮੀ ਲੇਅਰ ਨੂੰ ਵੱਖ ਕਰਨ ਦੀ ਕਾਰਵਾਈ ਕਿਉਂਕਿ ਸ਼ੁਰੂਆਤੀ ਨਿਯੁਕਤੀਆਂ ਵਿੱਚ ਨਹੀਂ ਹੋਵੇਗੀ ਤੇ ਸਿਰਫ਼ ਤਰੱਕੀਆਂ ਵਿੱਚ ਹੋਵੇਗੀ, ਇਸ ਕਾਰਨ ਇਸ ਵਿੱਚ ਇਹ ਵਿਰੋਧਾਭਾਸ ਹੈ ਕਿ ਨਾ-ਬਰਾਬਰਾਂ ਨੂੰ ਭਰਤੀ ਦੇ ਮੁੱਢਲੇ ਪੜਾਅ ਉਤੇ ਵੀ ਲਾਭ ਕਿਉਂ ਦਿੱਤਾ ਜਾਵੇ। ਬੈਂਕਿੰਗ, ਜਿਸ ਵਿੱਚ ਪੰਜ ਜਾਂ ਵੱਧ ਸਕੇਲ ਹਨ, ਸਮੇਤ ਕਈ ਸੈਕਟਰਾਂ ਵਿੱਚ ਰਾਖਵੇਂਕਰਨ ਦੇ ਲਾਭ ਕਿਸੇ ਵੀ ਤਰ੍ਹਾਂ ਪ੍ਰੋਬੇਸ਼ਨਵਰੀ ਅਫ਼ਸਰ ਦੇ ਰੈਂਕ ਤੋਂ ਅਗਾਂਹ ਨਹੀਂ ਦਿੱਤੇ ਜਾ ਸਕਦੇ।

ਨਾਗਰਾਜ ਨੂੰ ਮਨਜ਼ੂਰ ਕਰਦਿਆਂ ਅਦਾਲਤ ਨੇ ਕਿਹਾ ਕਿ ਨਾਗਰਾਜ ਫ਼ੈਸਲੇ ਮੁਤਾਬਕ 'ਰਾਖਵੇਂਕਰਨ ਦੀ ਕਮੀ' ਸਬੰਧੀ ਪ੍ਰਮਾਣਕ ਡੇਟਾ ਸਰਕਾਰ ਵੱਲੋਂ ਇਕੱਤਰ ਕੀਤਾ ਜਾਵੇਗਾ। ਇਸ ਨੇ ਬੱਸ ਇਹੋ ਸਾਫ਼ ਕੀਤਾ ਹੈ ਕਿ ਇਹ ਸਿਰਫ਼ ਉਸੇ ਕੇਡਰ ਲਈ ਹੋਵੇਗਾ ਜਿਸ ਵਿੱਚ ਤਰੱਕੀਆਂ 'ਚ ਰਾਖਵਾਂਕਰਨ ਦਿੱਤਾ ਜਾਣਾ ਹੈ।

ਇਨ੍ਹਾਂ ਅੰਕੜਿਆਂ ਨੂੰ ਅਦਾਲਤਾਂ ਵੱਲੋਂ ਵੀ ਘੋਖਿਆ ਜਾਵੇਗਾ। ਇਹ ਵੀ ਬੇਲੋੜੀ ਕਾਰਵਾਈ ਹੈ, ਕਿਉਂਕਿ ਗਰੁੱਪ 'ਏ' ਦੀਆਂ ਨੌਕਰੀਆਂ 'ਚ ਅਤੇ ਸਿਖਰਲੀਆਂ ਥਾਵਾਂ ਉਤੇ ਐੱਸਸੀ/ਐੱਸਟੀ ਨੁਮਾਇੰਦਗੀ ਬਿਲਕੁਲ ਘੱਟ ਹੈ। ਭਾਰਤ ਸਰਕਾਰ ਦੇ 80 ਸਕੱਤਰਾਂ ਵਿਚੋਂ ਮਹਿਜ਼ ਦੋ ਐੱਸਸੀ/ਐੱਸਟੀ ਹਨ।

ਜਦੋਂ ਵੀ ਤਰੱਕੀਆਂ ਵਿੱਚ ਰਾਖਵਾਂਕਰਨ ਕੀਤਾ ਜਾਵੇਗਾ, ਹਰ ਵਾਰ 'ਪ੍ਰਸ਼ਾਸਨ ਦੀ ਕੁਸ਼ਲਤਾ' ਨੂੰ ਵੀ ਘੋਖਿਆ ਜਾਵੇਗਾ ਪਰ ਉਦੋਂ ਆਦਰਸ਼ ਵਜੋਂ ਚਾਹੀਦਾ ਇਹ ਹੈ ਕਿ ਕੁਸ਼ਲਤਾ ਨੂੰ ਮੁਲਾਜ਼ਮਾਂ ਦੀ ਕਾਰਗੁਜ਼ਾਰੀ ਵਿਚੋਂ ਦੇਖਿਆ ਜਾਵੇ। ਹਾਲੇ ਤੱਕ ਕਿਸੇ ਵਿਗਿਆਨਕ ਖੋਜ ਵਿੱਚ ਸਾਬਤ ਨਹੀਂ ਹੋਇਆ ਕਿ ਐੱਸਸੀ/ਐੱਸਟੀ ਮੁਲਾਜ਼ਮ ਆਪਣੀ ਡਿਊਟੀ ਸਬੰਧੀ ਕਾਰਗੁਜ਼ਾਰੀ ਪੱਖੋਂ, ਉਨ੍ਹਾਂ ਮੁਲਾਜ਼ਮਾਂ ਤੋਂ ਊਣੇ ਹਨ, ਜਿਨ੍ਹਾਂ ਦੀ ਨਿ-ਯੁਕਤੀ ਜਨਰਲ ਵਰਗ ਤਹਿਤ ਹੋਈ ਹੈ। ਜਸਟਿਸ ਚਿਨੱਪਾ ਰੈਡੀ ਨੇ ਵਸੰਤ ਕੁਮਾਰ ਫ਼ੈਸਲੇ (1985) ਵਿੱਚ ਕੁਸ਼ਲਤਾ ਸਬੰਧੀ ਦਲੀਲ ਨੂੰ ਇਹ ਕਹਿੰਦਿਆਂ ਖ਼ਤਮ ਕਰ ਦਿੱਤਾ ਸੀ: "ਇਹ ਧਾਰਨਾ ਕਿ ਉਚੀਆਂ ਜਾਤਾਂ ਜਾਂ ਵਰਗਾਂ ਨਾਲ ਸਬੰਧ ਰੱਖਦੇ ਲੋਕ, ਜਿਨ੍ਹਾਂ ਦੀ ਨਿਯੁਕਤੀ ਗ਼ੈਰ-ਰਾਖਵੀਆਂ ਪੋਸਟਾਂ ਉਤੇ ਹੋਈ ਹੋਵੇ, ਉਹ ਆਪਣੀ 'ਕਲਪਿਤ ਮੈਰਿਟ' ਕਾਰਨ ਕੁਦਰਤੀ ਹੀ ਰਾਖਵੀਆਂ ਸੀਟਾਂ ਤਹਿਤ ਨਿਯੁਕਤ ਮੁਲਾਜ਼ਮਾਂ ਨਾਲੋਂ ਵਧੀਆ ਕਾਰਗੁਜ਼ਾਰੀ ਦਿਖਾਉਂਦੇ ਹਨ, ਅਤੇ ਕਿ ਇਨ੍ਹਾਂ (ਰਾਖਵੀਆਂ ਸੀਟਾਂ ਵਾਲਿਆਂ) ਦੀ ਘੁਸਪੈਠ ਨਾਲ ਕੁਸ਼ਲਤਾ ਦੀ ਸਵੱਛ ਧਾਰਾ ਪਲੀਤ ਹੋ ਜਾਵੇਗੀ, ਗ਼ਲਤ ਧਾਰਨਾ ਹੈ।"

ਦਰਅਸਲ, ਬਹੁਤੇ ਆਈਏਐੱਸ ਟੌਪਰਾਂ ਨੂੰ ਭਾਰਤ ਸਰਕਾਰ ਦੇ ਸਕੱਤਰ ਦੀ ਪੋਸਟ ਲਈ ਵਿਚਾਰਨ ਵਾਸਤੇ ਪੈਨਲ ਤੱਕ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਇਹ ਸਾਬਤ ਕਰਨ ਲਈ ਕੋਈ ਖੋਜ ਨਹੀਂ ਕੀਤੀ ਗਈ ਕਿ ਮੈਡੀਕਲ ਤੇ ਇੰਜਨੀਅਰਿੰਗ ਟੈਸਟਾਂ ਦੇ ਟੌਪਰ ਹੀ ਬਿਹਤਰੀਨ ਡਾਕਟਰ ਜਾਂ ਇੰਜਨੀਅਰ ਬਣਦੇ ਹਨ। ਹਾਲੀਆ ਖੋਜਾਂ ਵਿੱਚ ਸਾਬਤ ਹੋਇਆ ਹੈ ਕਿ ਐੱਸਸੀ/ਐੱਸਟੀ/ਓਬੀਸੀ ਰਾਖਵੇਂਕਰਨ ਦੇ ਮੁਕਾਬਲੇ ਐੱਨਆਰਆਈ ਕੋਟੇ ਦੀਆਂ ਸੀਟਾਂ ਕਾਰਨ ਮੈਰਿਟ ਦਾ ਵੱਧ ਘਾਣ ਹੁੰਦਾ ਹੈ।

ਨਿਆਂ ਪਾਲਿਕਾ ਰਾਖਵੇਂਕਰਨ ਦੀ ਬਹੁਤੀ ਹਮਾਇਤੀ ਨਹੀਂ ਰਹੀ। ਇਸੇ ਕਾਰਨ ਇਸ ਨੇ ਅਨੇਕਾਂ ਕੇਸਾਂ ਵਿੱਚ 'ਮੈਰਿਟ' ਦੇ ਨਾਂ 'ਤੇ ਰਾਖਵਾਂਕਰਨ ਦੇਣ ਦੇ ਸਰਕਾਰ ਦੇ ਅਖ਼ਤਿਆਰਾਂ ਉਤੇ ਰੋਕਾਂ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ; ਜਿਵੇਂ ਰਾਖਵੇਂਕਰਨ ਤੋਂ ਤਰੱਕੀਆਂ ਨੂੰ ਲਾਂਭੇ ਕਰਨਾ, ਕੈਚ-ਅਪ ਨਿਯਮ, ਕਰੀਮੀ ਲੇਅਰ ਆਦਿ।

ਰਾਖਵਾਂਕਰਨ ਦੇਣ ਲਈ ਲਾਈ ਗਈ 50 ਫ਼ੀਸਦੀ ਦੀ ਉਪਰਲੀ ਹੱਦ, ਜੋ ਸੁਪਰੀਮ ਕੋਰਟ ਦੀ ਹੀ ਕਾਢ ਹੈ, ਵੀ ਜ਼ਮੀਨੀ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਸਾਡੇ ਦੇਸ਼ ਦੀ ਆਬਾਦੀ ਦਾ 75 ਫ਼ੀਸਦੀ ਤੋਂ ਵੱਧ ਹਿੱਸਾ ਐੱਸਸੀ/ਐੱਸਟੀ/ਓਬੀਸੀ ਹਨ। ਇਉਂ ਹਕੀਕਤ ਵਿੱਚ 25 ਫ਼ੀਸਦੀ ਜਨਰਲ ਉਮੀਦਵਾਰਾਂ ਨੂੰ 50 ਫ਼ੀਸਦੀ ਸੀਟਾਂ ਮਿਲ ਜਾਂਦੀਆਂ ਹਨ।

ਸੁਪਰੀਮ ਕੋਰਟ ਦਾ ਤਾਜ਼ਾ ਫ਼ੈਸਲਾ ਵੀ ਅਦਾਲਤ ਵੱਲੋਂ ਰਾਖਵਾਂਕਰਨ ਨੀਤੀਆਂ ਨੂੰ ਨਾਮਨਜ਼ੂਰ ਕਰਨ ਦਾ ਅਪਵਾਦ ਨਹੀਂ ਹੈ।

*• ਲੇਖਕ ਐੱਨ ਏ ਐੱਲ ਐੱਸ ਏ ਆਰ ਯੂਨੀਵਰਸਿਟੀ ਆਫ਼ ਲਾਅ, ਹੈਦਰਾਬਾਦ ਦਾ ਵਾਈਸ ਚਾਂਸਲਰ ਹੈ।*

# ਸਾਹਿਤਕ ਪੈੜ੍ਹਾਂ- ਗੁਰਗੱਦੀ ਦਿਵਸ ਨੂੰ ਸਮਰਪਿਤ- ਆਜ਼ਾਦ ਜਾਲੰਧਰੀ ਅਤੇ ਸਵਰਗਵਾਸੀ ਗਿਆਨੀ ਜੰਗ ਸਿੰਘ ਦੀਆਂ ਕੁਝ ਰਚਨਾਵਾਂ

## ਗੁਰੂ ਗ੍ਰੰਥ ਤੇ ਜਿਸ ਪ੍ਰੇਮੀ ਨੂੰ ਹੋਜੇ ਸੱਚਾ ਵਿਸ਼ਵਾਸ

ਸਬਰ ਸੰਤੋਖ ਦਾ ਤੋਸ਼ਾ ਹੋਵੇ, ਜਿਸ ਬੰਦੇ ਦੇ ਪਾਸ।।
ਚਾਰ ਪਦਾਰਥ ਪ੍ਰਾਪਤ ਹੋਵਣ, ਪੂਰਨ ਹੋਵੇ ਆਸ।।

ਗੁਰਬਾਣੀ ਤੋਂ ਜਿਸ ਪ੍ਰੇਮੀ ਨੂੰ, ਨਾਮ ਮਹਾਂਰਸ ਮਿਲਿਆ,
ਦੁਨੀਆਂ ਦੇ ਸਭ ਰਸਾਂ ਕਸਾਂ ਦੀ, ਮਿਟ ਗਈ ਭੁਖ ਪਿਆਸ।।

ਹਉਮੈ ਰੋਗ ਤੇ ਦੁਈ ਦਵੈਤ ਦੇ, ਮਿਟ ਗਏ ਭਰਮ ਹਨੇਰੇ,
ਗੁਰ ਪੂਰੇ ਨੇ ਕਰ ਦਿੱਤਾ ਜਦ ਰਾਮ ਨਾਮ ਪਰਗਾਸ।।

ਅਮਨ, ਆਜ਼ਾਦੀ ਤੇ ਖੁਸ਼ੀਆਂ ਖੇੜੇ, ਸਾਰੀ ਦੁਨੀਆਂ ਮਾਣੇ,
ਗੁਰਬਾਣੀ ਦਾ ਹੋ ਜਾਊ ਜਦ, ਸਾਰੇ ਜੱਗ ਪ੍ਰਕਾਸ਼।।

ਵੈਰ ਵਿਰੋਧ ਤੇ ਜ਼ੁਲਮ ਤਸ਼ੱਦਦ ਸਾਰੇ ਹੀ ਮਿਟ ਜਾਵਣ,
ਇਨਸਾਨਾਂ ਦੇ ਹਿਰਦੇ ਵਿਚ ਜਦ, ਹੋਜੇ ਸਦਾ ਵਿਗਾਸ।

ਸੱਚੇ ਪ੍ਰੀਤਮ, ਸਰਬ ਦੇ ਦਾਤੇ, ਸੁਣ ਮੇਰੀ ਅਰਜ਼ੋਈ,
ਪਿਆਰ ਦੇ ਰੰਗ ਵਿਚ ਰੰਗ ਦੇ ਸਾਰੇ, ਧਰਤੀ ਤੇ ਆਕਾਸ਼।।

ਆਤਮ ਗਿਆਨ ਤੇ ਬ੍ਰਹਮ ਗਿਆਨ ਵੀ, ਉਸ ਬੰਦੇ ਨੂੰ ਮਿਲਦੈ,
ਗੁਰੂ ਗ੍ਰੰਥ ਤੇ ਜਿਸ ਪ੍ਰੇਮੀ ਨੂੰ, ਹੋਜੇ ਸੱਚਾ ਵਿਸ਼ਵਾਸ।

**– ਗਿਆਨੀ ਜੰਗ ਸਿੰਘ**

## ਗ਼ਜ਼ਲ

ਖੁਸ਼ਕਿਸਮਤ ਹਾਂ ਗੁਰੂ ਨਾਨਕ, ਜਿਹਾ ਰਹਿਬਰ ਮਿਲਿਆ।
ਗੁਰਬਾਣੀ 'ਚੋਂ ਗਿਆਨ ਦਾ, ਮੈਨੂੰ ਸਾਗਰ ਮਿਲਿਆ।

ਚੜ੍ਹੀ ਰਹੇ ਦਿਨ ਰਾਤ ਖ਼ੁਮਾਰੀ, ਜਿਸਦੀ ਮੈਨੂੰ,
ਗੁਰੂ ਨਾਨਕ ਤੋਂ ਰਾਮ ਨਾਮ, ਰਤਨਾਗਰ ਮਿਲਿਆ।

ਜਿੱਥੇ ਬਹਿਕੇ ਗੁਰਸਿੱਖ, ਮਾਲਿਕ ਦੇ ਗੁਣ ਗਾਉਂਦੇ,
ਚੰਗੇ ਭਾਗ ਨੇ ਜੀਵਨ, ਦੇ ਵਿਚ ਸੋ ਦਰ ਮਿਲਿਆ।

ਜਦ ਮੈਂ ਧਿਆਨ ਲਗਾ ਕੇ, ਸੁਰਤ ਇਕਾਗਰ ਕੀਤੀ,
ਜੋ ਬ੍ਰਹਮੰਡੇ ਸੋਈ, ਪਿੰਡੇ ਅੰਦਰ ਮਿਲਿਆ।

ਹੋਰ ਬਹੁਤ ਕੁਛ ਮਿਲਿਆ, ਗਿਆਨੀ ਉਸ ਮਾਲਿਕ ਤੋਂ,
ਇਕ ਪਿਆਰਾ 'ਆਜ਼ਾਦ' ਜਿਹਾ, ਏ ਮਿੱਤਰ ਮਿਲਿਆ।

**– ਗਿਆਨੀ ਜੰਗ ਸਿੰਘ**

## ਪੰਜਾਬ

ਭਾਰਤ ਮਾਂ ਦੀ ਅੱਖ ਦਾ ਤਾਰਾ ਹੈ ਪੰਜਾਬ।
ਦੇਸ਼ ਭਗਤਾਂ ਨੂੰ ਜਾਨ ਤੋਂ ਵੀ ਪਿਆਰਾ ਹੈ ਪੰਜਾਬ।

ਭਾਰਤ ਵਾਸੀਆਂ ਲਈ ਅੰਨ ਦਾ ਭੰਡਾਰ ਹੈ ਪੰਜਾਬ।
ਦੇਸ਼ ਦੇ ਉਜਲੇ ਭਵਿੱਖ ਦੀ ਨੁਹਾਰ ਹੈ ਪੰਜਾਬ।

ਦੇਸ਼ ਪਿਆਰ ਦਾ ਅਥਾਹ ਸਾਗਰ ਹੈ ਪੰਜਾਬ।
ਦੇਸ਼ ਰੱਖਿਆ ਲਈ ਵੀ ਉਜਾਗਰ ਹੈ ਪੰਜਾਬ।

ਭਾਰਤ ਦੇ ਜੁਸੇ ਦਾ ਤਾਂ ਦਿਲ ਹੈ ਪੰਜਾਬ।
ਬਹਾਦਰੀ ਲਈ ਅਡੋਲ ਤੇ ਅਹਿੱਲ ਹੈ ਪੰਜਾਬ।

ਕੌਣ ਕਹਿੰਦਾ ਹੈ ਕਿ ਬਹੁਤ ਛੋਟਾ ਹੈ ਪੰਜਾਬ?
ਭਾਰਤ ਮਾਤਾ ਦੇ ਦਿਲ ਦਾ ਟੋਟਾ ਹੈ ਪੰਜਾਬ।

ਬੇਕਸਾਂ ਤੇ ਮਜ਼ਲੂਮਾਂ ਦਾ ਯਾਰ ਹੈ ਪੰਜਾਬ।
ਸਰਹੱਦਾਂ ਉਤੇ ਖੜ੍ਹਾ ਪਹਿਰੇਦਾਰ ਹੈ ਪੰਜਾਬ।


ਦੁਸ਼ਮਣਾਂ ਲਈ ਦੁਧਾਰਾ ਖੰਡਾ ਹੈ ਪੰਜਾਬ।
ਸੱਜਣਾਂ ਲਈ ਹਿਮਾਲਾ ਵਾਂਗ ਠੰਡਾ ਹੈ ਪੰਜਾਬ।

**– ਗਿਆਨੀ ਜੰਗ ਸਿੰਘ**

## ਖਾਲਸਾ ਪੰਥ ਦੇ ਉਪਕਾਰ

ਕੌਣ ਇਹ ਖਾਲਸਾ ਪੰਥ ਸਜਾਉਂਦਾ?
ਜੇ ਦਸਵਾਂ ਅਵਤਾਰ ਨਾ ਹੁੰਦਾ।
ਜਮਰੌਦ ਤੇ ਕੌਣ ਨਿਸ਼ਾਨ ਝੁਲਾਉਂਦਾ?
ਜੇ ਨਲਵਾ ਸਰਦਾਰ ਨਾ ਹੁੰਦਾ।
ਕੌਣ ਦਲਿਤਾਂ ਨੂੰ ਗਲੇ ਲਗਾਉਂਦਾ?
ਕੌਣ ਉਨ੍ਹਾਂ ਨੂੰ ਦੇਂਦਾ ਅੰਮ੍ਰਿਤ?
ਕੌਣ ਜਾਤਾਂ ਦੇ ਭੇਦ ਮਿਟਾਉਂਦਾ?
ਜੇ ਗੁਰਬਖਸ਼ਣਹਾਰ ਨਾ ਹੁੰਦਾ।
ਕੌਣ ਮੁਗਲਾਂ ਦੇ ਜ਼ੁਲਮ ਮਿਟਾ ਕੇ
ਦੇਸ਼ ਧਰਮ ਦੀ ਕਰਦਾ ਰੱਖਿਆ?
ਕੌਣ ਆਪਣਾ ਸਰਬੰਸ ਵਾਰਦਾ?
ਜੇ ਗੁਰ ਕਲਗੀਧਰ ਨਾ ਹੁੰਦਾ।
ਕੌਣ ਗਿੱਦੜਾਂ ਨੂੰ ਸ਼ੇਰ ਬਣਾਉਂਦਾ?
ਕੌਣ ਚਿੜੀਆਂ ਤੋਂ ਬਾਜ਼ ਤੁੜਾਉਂਦਾ?
ਕੌਣ ਕਾਇਰਾਂ ਵਿਚ ਵੀਰਤਾ ਭਰਦਾ?
ਜੇ ਗੁਰ ਸਿਰਜਨਹਾਰ ਨਾ ਹੁੰਦਾ।
ਕੌਣ ਰੋਕਦਾ ਬਾਹਰੋਂ ਹਮਲੇ?
ਕੌਣ ਧਰਮ ਦੀ ਕਰਦਾ ਰਾਖੀ?
ਜੇ ਤੇਗ ਬਹਾਦਰ ਸੀਸ ਨਾ ਦਿੰਦੇ
ਧਰਮ ਦਾ ਬੇੜਾ ਪਾਰ ਨਾ ਹੁੰਦਾ।

**– ਗਿਆਨੀ ਜੰਗ ਸਿੰਘ**



ਗਿਆਨੀ ਜੰਗ ਸਿੰਘ

## ਗੁਰਬਾਣੀ ਇਸ ਜਗ ਮਹਿ ਚਾਨਣ

ਜਿਹੜੀ ਗ਼ਜ਼ਲ ਨੂੰ ਪੜ੍ਹਕੇ, ਮਨ ਨੂੰ ਆਤਮ ਗਿਆਨ ਨਾ ਹੋਇਆ,
ਉਸ ਗ਼ਜ਼ਲ ਨੂੰ ਲਿਖਣ ਲੱਗਿਆਂ, ਸਮਾਂ ਕਿਉਂ ਐਵੇਂ ਖੋਇਆ

ਐਸੀ ਗ਼ਜ਼ਲ ਲਿਖੋ ਜੋ ਪੜ੍ਹਕੇ ਮਨ ਵਿਚ ਹੋਵੇ ਚਾਨਣ
ਪੜ੍ਹਨ ਵਾਲੇ ਨੂੰ ਅਨੁਭਵ ਹੋਵੇ, ਨੂਰੋ ਨੂਰ ਮੈਂ ਹੋਇਆ।

ਨੂਰ ਤਾਂ ਸਭਦੇ ਅੰਦਰ ਹੈ ਪਰ ਭਰਮ ਦੇ ਪੈ ਗਏ ਪਰਦੇ
ਪੂਰੇ ਗੁਰ ਤੋਂ ਗਿਆਨ ਮਿਲੇ ਬਿਨ ਨੂਰ ਨਾ ਹਾਸਲ ਹੋਇਆ।

ਮੂਸਾ ਨੂੰ ਤਾਂ ਨੂਰ ਦੇ ਦਰਸ਼ਨ, ਕੋਹਿਨੂਰ ਤੇ ਹੋਇ
ਪਰ ਗੁਰਬਾਣੀ ਇਹ ਦੱਸਦੀ ਹੈ, ਘਟ ਘਟ ਨੂਰ ਸਮੋਇਆ।

ਮਨ ਨੂੰ ਜੋਤਿ ਸਰੂਪ ਹੈ ਬੀਬਾ ਆਪਣਾ ਮੂਲ ਪਛਾਣ
ਵਡਭਾਗੇ ਗੁਰਸਿੱਖਾਂ ਨੂੰ ਇਹ ਗਿਆਨ ਗੁਰੂ ਤੋਂ ਹੋਇਆ।

**– ਗਿਆਨੀ ਜੰਗ ਸਿੰਘ**

## ਮੀਠੇ ਹਰਿ ਗੁਣ ਗਾਓ ਜਿੰਦੂ ਤੂੰ ਮੀਠੇ ਹਰਿ ਗੁਣ ਗਾਓ!

ਸੱਚੇ ਸੇਤੀ ਰਤਿਆਂ ਮਿਲਿਆ ਨਿਥਾਵੇ ਥਾਓ!!
ਆਓ ਭੈਣੋ ਮਿਲ ਕੇ ਸਭੇ, ਮੀਠੇ ਹਰਿ ਗੁਣ ਗਾਈਏ।।
ਮਿਠ ਬੋਲੜੇ ਉਸ ਪ੍ਰੀਤਮ ਤੋਂ ਨੀਂ, ਸਦ ਬਲਿਹਾਰੇ ਜਾਈਏ।

ਜਿਸ ਨੇ ਬਖਸ਼ਿਸ਼ ਕਰਕੇ ਸਾਨੂੰ, ਦਿੱਤੀ ਮਿੱਠੀ ਬਾਣੀ,
ਉਸ ਪਿਆਰੇ ਤੋਂ ਆਪਣਾ, ਤਨ ਮਨ ਘੋਲ ਘੁਮਾਈਏ।

ਕਾਵਾਂ ਵਰਗੇ ਹਿਰਦੇ ਸੁਣ ਸੁਣ, ਹੰਸਾਂ ਵਰਗੇ ਹੋਵਣ,
ਗੁਰੂ ਗ੍ਰੰਥ ਰਤਨਾਂ ਦੇ ਸਾਗਰ ਤੋਂ, ਰਤਨ ਪਦਾਰਥ ਪਾਈਏ।


ਜਨਮ ਜਨਮ ਦੇ ਕਿਲਬਿਖ ਸਾਰੇ, ਹੋ ਜਾਂਦੇ ਨੇ ਨਾਸ਼,
ਗੁਰਬਾਣੀ ਨੂੰ ਸੁਣ ਕੇ ਜੇਕਰ, ਹਿਰਦੇ ਵਿਚ ਵਸਾਈਏ।।

ਗੁਰੂ ਗ੍ਰੰਥ ਹੈ ਨਾਮ ਦੇ ਬੋਹਿਥ, ਸਭ ਨੂੰ ਪਾਰ ਉਤਾਰੇ,
ਇਸ ਦਾ ਓਟ ਆਸਰਾ ਲੈ ਕੇ, ਭਵਸਾਗਰ ਤਰ ਜਾਈਏ।।

ਕੰਤ ਹੈ ਸਾਡਾ ਬੜਾ ਰੰਗੀਲਾ, ਉਸਦੇ ਚੋਜ ਨਿਆਰੇ,
ਆਓ ਆਪਣਾ ਮਨਾਂ ਨੂੰ ਉਸ ਦੇ, ਪਿਆਰ ਦਾ ਰੰਗ ਚੜ੍ਹਾਈਏ।।

**– ਗਿਆਨੀ ਜੰਗ ਸਿੰਘ**

## ਤੇਰੇ ਦਰ ਤੇ ਨਾਨਕ



ਆਜ਼ਾਦ ਜਲੰਧਰੀ
1-408-438-2888

**ਗਜ਼ਲ**

ਤੇਰੇ ਦਰ ਤੇ ਨਾਨਕ ਜੋ ਮਨਜ਼ੂਰ ਹੋ ਗਏ
ਔਹ ਗੁੰਮਨਾਮ ਰਹਿ ਕੇ ਭੀ ਮਸ਼ਹੂਰ ਹੋ ਗਏ।

ਮਾਂ ਤ੍ਰਿਪਤਾ ਦੀ ਗੋਦੀ 'ਚ ਰੱਬ ਖੇਡਦਾ ਏ
ਜਿਹਨੇ ਦੇਖਿਆ ਉਹਦੇ ਦੁੱਖ ਦੂਰ ਹੋ ਗਏ।

ਤੇਰੇ ਨੂਰ ਦਾ ਹੋ ਗਿਆ ਏ ਉਜਾਲਾ
ਜ਼ਮਾਨੇ ਦੇ ਨ੍ਹੇਰੇ ਨੇ ਕਾਫੂਰ ਹੋ ਗਏ।

ਜੋ ਫੁਰਮਾਇਆ ਮੂੰਹੋਂ ਔਹ ਲੋਕਾਂ ਨੇ ਮੰਨਿਆ
ਬਚਨ ਤੇਰੇ ਦੁਨੀਆਂ ਦਾ ਦਸਤੂਰ ਹੋ ਗਏ।

ਤੇਰੇ ਦਰ 'ਤੇ ਬਹਿ ਗਏ ਜੋ ਧੂਣੀ ਰਮਾ ਕੇ
ਫਕੀਰਾਂ ਦੇ ਦਾਮਨ ਨੇ ਭਰਪੂਰ ਹੋ ਗਏ।

ਲਹੂ ਬਣ ਗਏ ਮਾਹਲ ਪੂੜੇ ਉਹਨਾਂ ਦੇ
ਮਾਲਕ ਭਾਗੋ ਵਰਗੇ ਜੋ ਮਗਰੂਰ ਹੋ ਗਏ।

ਜਿਹਨਾਂ ਕੀਤੀ ਮਿਹਨਤ ਤੇ ਹੱਕ ਦੀ ਕਮਾਈ
ਤੇਰੇ ਦਰ ਤੇ ਪਰਵਾਨ ਮਜ਼ਦੂਰ ਹੋ ਗਏ।


ਜੋ ਸਿਰ ਧਰ ਤਲੀ ਤੇ ਗਲੀ ਆ ਗਏ ਤੇਰੀ
ਔਹ ਤਬਰੇਜ਼ ਬਣ ਗਏ ਯਾ ਮਨਸੂਰ ਹੋ ਗਏ।

ਤੈਂ ਵੱਲ ਕੀਤੀ ਲਾ ਕੇ ਇਬਾਦਤ ਦੀ ਮਰਹਮ
ਜੋ ਛਾਲੇ ਦਿਲਾਂ ਦੇ ਸੀ ਨਾਸੂਰ ਹੋ ਗਏ।

ਕਈ ਪੀਰ ਸਿੱਧ ਸ਼ਹਿਨਸ਼ਾਹ ਠੱਗ ਲੁਟੇਰੇ
ਤੇਰੇ ਦਰ ਤੇ ਝੁਕਣੇ ਲਈ ਮਜਬੂਰ ਹੋ ਗਏ।

ਜੋ ਆਜ਼ਾਦ ਕਦਮਾਂ ਨਾਲ ਛੂਹ ਗਏ ਨੇ ਤੇਰੇ
ਔਹ ਧਰਤੀ ਦੇ ਜ਼ੱਰਰੇ ਕੋਹੇ-ਤੂਰ ਹੋ ਗਏ।

**– ਆਜ਼ਾਦ ਜਾਲੰਧਰੀ**



ਜਨਾਬ ਆਜ਼ਾਦ ਜਾਲੰਧਰੀ ਅਤੇ ਗਿਆਨੀ ਜੰਗ ਸਿੰਘ ਜੀ

ਸੱਚੀਆਂ ਪ੍ਰੀਤਾਂ ਦੇ ਵਣਜਾਰੇ ਨੇ ਇਹ ਦੋਵੇਂ। ਜਿਸ ਨੇ ਸਿਰਜੇ ਉਸੇ ਨੇ ਸਵਾਰੇ ਨੇ ਇਹ ਦੋਵੇਂ।
ਆਤਮ ਗਿਆਨ ਨਾਲ ਨੂਰੋ ਨੂਰ ਨੇ ਇਨ੍ਹਾਂ ਦੇ ਹਿਰਦੇ, ਰੱਬੀ ਗੁਣਾਂ ਨਾਲ ਵੀ ਖੂਬ ਸ਼ਿੰਗਾਰੇ ਨੇ ਇਹ ਦੋਵੇਂ।

## ਨਾਨਕ ਦੇ ਦਰ ਦੀਆਂ ਸਿਫਤਾਂ

## ਗ਼ਜ਼ਲ

ਕਿਸ ਤਰ੍ਹਾਂ ਸਿਫਤ ਕਰਾਂ
ਨਾਨਕ ਮੈਂ ਤੇਰੇ ਦਰ ਦੀਆਂ
ਵੱਡੀਆਂ ਵੱਡੀਆਂ ਹਸਤੀਆਂ
ਏਥੇ ਨੇ ਸੱਜਦੇ ਕਰਦੀਆਂ।

ਰਾਤ ਦਿਨ ਜਿੱਥੇ ਹੈ ਗੁਰਬਾਣੀ
ਦਾ ਅੰਮ੍ਰਿਤ ਬਰਸਦਾ
ਸਵਰਗ ਤੋਂ ਵੱਧ ਸੋਹਣੀਆਂ
ਗਲੀਆਂ ਨੇ ਅੰਮ੍ਰਿਤਸਰ ਦੀਆਂ।

ਅੰਗ ਲਾ ਕੇ ਦਾਤਿਆ ਅੰਗਦ
ਬਣਾ ਦਿੱਤਾ ਸੀ ਤੈਂ
ਬਖਸ਼ਿਸ਼ਾਂ ਲਹਿਣੇ ਤੇ ਹੋਈਆਂ
ਸੀ ਜਾਂ ਤੇਰੇ ਘਰ ਦੀਆਂ।

ਤੇਰੀ ਕੁਦਰਤ ਦਾ ਕ੍ਰਿਸ਼ਮਾ
ਦੇਖਿਆ ਸੰਸਾਰ ਨੇ
ਠੀਕ ਸੰਨ ਫਸਲਾਂ ਮਗਰ
ਮੱਝੀਆਂ ਭੀ ਸਨ ਵਿਚ ਚਰਦੀਆਂ।

ਤੇਰਾ ਤੇਰਾ ਬੋਲਕੇ ਤੈਂ
ਮੋਦੀਖਾਨਾ ਤੋਲਿਆ
ਝੋਲੀਆਂ ਖਾਲੀ ਹਜ਼ਾਰਾਂ
ਦੇਖੀਆਂ ਨੇ ਭਰਦੀਆਂ।

ਭਟਕਦੇ ਸਿੱਧਾਂ ਨੂੰ ਸਿੱਧੇ ਰਾਹ
ਦਿਖਾਇਆ ਸੀ ਕਦੇ
ਤਾਕਤਾਂ ਵਲੀਆਂ ਦੀਆਂ
ਸੰਨ ਕੀਤੀਆਂ ਬੇਪਰਦੀਆਂ।

ਜਾਗ ਪਏ ਸੰਨ ਭੂਮੀਏਂ
ਸੱਜਣ ਤੇ ਕੌਡੇ ਦੇ ਨਸੀਬ
ਰਹਿਮਤਾਂ ਨਜ਼ਰਾਂ 'ਚੋਂ ਤੇਰੀ
ਦੇਖੀਆਂ ਜਦ ਬਹੱਰਦੀਆਂ।

ਮੇਹਰ ਦੀ ਜਦ ਝਾਤ ਪਾਈ
ਤੈਂ ਕਿਸੇ ਮਜ਼ਬੂਰ ਤੇ
ਡੁੱਬਦੀਆਂ ਕਈ ਬੇੜੀਆਂ
ਤੱਕੀਆਂ ਅਸਾਂ ਨੇ ਤਰਦੀਆਂ।

ਮੁੱਲ ਪੈਂਦਾ ਏ ਤੇਰੇ ਦਰ 'ਤੇ
ਹਮੇਸ਼ਾ ਪਿਆਰ ਦਾ
ਕੀਮਤਾਂ ਨਹੀਂ ਪੈਂਦੀਆਂ
'ਆਜ਼ਾਦ' ਏਥੇ ਜ਼ਰ ਦੀਆਂ।

**– ਆਜ਼ਾਦ ਜਾਲੰਧਰੀ**




ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ
ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ

# ਪਾਲ ਸਿਹੋਤਾ

## ਚੇਅਰਮੈਨ

ਵੈਸਟ ਕੌਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974



SmartWay®
Transport Partnership
Getting There With Cleaner Air

3545 E Data Avenue
Fresno CA 93735-1933




# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404



3 bdrms, 2.0 Full Baths
1, 145 sq. ft.
Listing Price: $ 259,000



4 bdrms, 2.0 full bath
1,596 sq ft
Lot size: 6,098
Listing Price: $289,900



5 Beds, 3 Baths
4088 Sf
Listing Price: $649,000




4 Beds, 2.5 Baths,
1811 Sf
Listing Price: $ 409,900




4 Beds, 3 Baths,
Sf 3412, 1.82 Acres
Listing Price: $ 899,000



3-4 bdrm, 2.0 full bath
1,492 sq ft
Lot size: 6,469
Listing Price: $299,000



5 bdrm, 2.5 full bath
2,504 sq ft
Lot size: 6,574
Listing Price: $399,000



Beer & Wine
Store for Sale in Sacramento
Monthly Gross: $65K Month
Listing Price $299,000



Liquor Store
Store for Sale in Santa Clara
Monthly Gross: $90K Month
Listing Price $649,000



3 bdrms, 1.0 full bath
1037 sq ft Lot size: 6098
Listing Price; $299,000
Close to UC Davis Medical Center



Indian Restaurant
for Sale in Sacramento
Listing Price: 149,000



BERKSHIRE HATHAWAY
Home Services

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ






## ਜੁਗੋ- ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 39ਵੇਂ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ



ਫਾਇਲ ਚਿੱਤਰ

# Baba Deep Singh Welfare Society USA




ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 39ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**4 ਨਵੰਬਰ 2018 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।**

## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 13 ਸਤੰਬਰ ਤੋਂ ਸ਼ੁਰੂ ਹੈ, ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 2 ਨਵੰਬਰ 2018 ਦਿਨ ਸ਼ੁੱਕਰਵਾਰ ਤੋਂ ਆਰੰਭ ਹੋ ਕੇ 5 ਨਵੰਬਰ, 2018 ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਈਮ ਮੁਤਾਬਕ ਭੋਗ ਪੈਣਗੇ।

**ਪਹੁੰਚ ਰਹੇ ਰਾਗੀ ਜਥੇ, ਪ੍ਰਚਾਰਕ, ਢਾਡੀ ਜਥੇ ਅਤੇ ਪਤਵੰਤੇ ਸੱਜਣ** : ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਕਰਨੈਲ ਸਿੰਘ ਰਣੀਕੇ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਚਰਨ ਸਿੰਘ ਖਾਲਸਾ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਬੀਬੀ ਬਲਜੀਤ ਕੌਰ ਕੈਨੇਡਾ ਵਾਲੇ, ਭਾਈ ਨਿਰੰਜਣ ਸਿੰਘ ਜਵੱਦੀ ਕਲਾਂ ਵਾਲੇ, ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਭਾਈ ਹਰਮਨਦੀਪ ਸਿੰਘ ਖਾਲਸਾ, ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ, ਭਾਈ ਇਕਬਾਲ ਸਿੰਘ ਜੀ ਕਥਾਵਾਚਕ, ਢਾਈ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ, ਭਾਈ ਲਖਵਿੰਦਰ ਸਿੰਘ ਸੋਹਲ, ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ ਹੋਰ ਵੀ ਪੰਥ ਦੇ ਮਹਾਨ ਰਾਗੀ, ਢਾਡੀ, ਪ੍ਰਚਾਰਕ ਇਸ ਸਮਾਗਮ ਵਿਚ ਹਾਜ਼ਰੀਆਂ ਭਰਨਗੇ।

**ਕਵੀ ਦਰਬਾਰ** : 20 ਅਕਤੂਬਰ ਸ਼ਨੀਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕਵੀ ਦਰਬਾਰ ਹੋਵੇਗਾ। ਕਵੀ ਦਰਬਾਰ ਸਬੰਧੀ ਹੋਰ ਜਾਣਕਾਰੀ ਲਈ ਹਰਭਜਨ ਸਿੰਘ ਢੇਰੀ 530-755-6011 'ਤੇ ਸੰਪਰਕ ਕਰੋ।

**ਢਾਡੀ ਦਰਬਾਰ** : 21 ਅਕਤੂਬਰ ਐਤਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਹਾਸ ਸਾਹਿਬ ਜੀ ਦੇ ਪਾਠ ਉਪਰੰਤ ਢਾਡੀ ਦਰਬਾਰ ਸਜੇਗਾ।

**ਬੱਚਿਆਂ ਵੱਲੋਂ ਕੀਰਤਨ** : 27 ਅਕਤੂਬਰ ਸ਼ਨੀਵਾਰ ਬੱਚਿਆਂ ਵੱਲੋਂ ਸ਼ਾਮ ਦੇ ਦੀਵਾਨ ਵਿਚ ਰਹਿਹਾਸ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦੀਵਾਨ ਸਜੇਗਾ। ਸਮੂਹ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਕਿ ਆਪਣਿਆਂ ਬੱਚਿਆਂ ਨੂੰ ਲੈ ਕੇ ਆਵੋ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। 28 ਅਕਤੂਬਰ ਐਤਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਬਿ ਜੀ ਦੇ ਪਾਠ ਉਪਰੰਤ ਯੂਬਾ ਸਿਟੀ ਦੇ ਬੱਚਿਆਂ ਵੱਲੋਂ ਕੀਰਤਨ ਦੀਵਾਨ ਹੋਵੇਗਾ।

**ਅੰਮ੍ਰਿਤ ਸੰਚਾਰ** : 3 ਨਵੰਬਰ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਦਸ਼ਮੇਸ਼ ਹਾਲ ਵਿਚ 5:30 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਛਕਣ ਵਾਲੇ ਅਭਿਲਾਖੀ ਗੁਰੂਘਰ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚ ਦੀ ਕ੍ਰਿਪਾਲਤਾ ਕਰਨ ਜੀ, ਕਕਾਰ ਗੁਰੂਘਰ ਵੱਲੋਂ ਦਿੱਤੇ ਜਾਣਗੇ। ਹੋਰ ਜਾਣਕਾਰੀ ਲਈ ਹੈਡ ਗ੍ਰੰਥੀ ਸਾਹਿਬ ਸਿੰਘ ਜੀ ਨੂੰ 530-673-9918 'ਤੇ ਫੋਨ ਕਰ ਸਕਦੇ ਹੋ।

**ਨਿਸ਼ਾਨ ਸਾਹਿਬ, ਚੋਲਾ ਸਾਹਿਬ** : 3 ਨਵੰਬਰ ਸ਼ਨੀਵਾਰ ਨੂੰ ਸਵੇਰੇ 8.00 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਸਾਹਿਬ ਜੀ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

ਸੈਮੀਨਾਰ : ਬੇ ਆਫ਼ ਸਿੱਖ ਉਪਰ ਸੈਮੀਨਾਰ 3 ਨਵੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਜਾਵੇਗਾ। ਸੈਮੀਨਾਰ ਸਬੰਧੀ ਹੋਰ ਜਾਣਕਾਰੀ ਲੈਣ ਲਈ ਸ. ਪਰਮਿੰਦਰ ਸਿੰਘ ਗਰੇਵਾਲ ਨਾਲ 530-682-5860 'ਤੇ ਸੰਪਰਕ ਕਰ ਸਕਦੇ ਹੋ।

**2 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਨੂੰ ਗੁਰੂਘਰ ਵਿਖੇ ਆਤਿਸ਼ਬਾਜ਼ੀ ਹੋਵੇਗੀ**

ਨੋਟ : ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇਗੀ। ਅੰਗਹੀਣ ਵਿਅਕਤੀਆਂ ਲਈ ਵਿਸ਼ੇਸ਼ ਪਾਰਕਿੰਗ ਦਾ ਪ੍ਰਬੰਧ ਹੋਵੇਗਾ।

ਰਿਵਰ ਵੈਲੀ ਹਾਈ ਸਕੂਲ 801,El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6:30 ਵਜ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰੋ :

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ 530-673-9918, ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444,
ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-682-9300, ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2899,
ਖਜ਼ਾਨਚੀ ਸ. ਸੁਖਵਿੰਦਰ ਸਿੰਘ 530-713-2805, ਸ. ਹਰਭਜਨ ਸਿੰਘ ਢੇਰੀ 530-755-6011, ਸ. ਪਰਮਿੰਦਰ ਸਿੰਘ ਗਰੇਵਾਲ 530-682-5860